# ਅਧਿਆਇ 5
# ਹੈਕਲ ਦਾ ਕੰਮ ਫੇਰ ਤੋਂ ਸ਼ੁਰੂ ਹੋਇਆ

ਆਪਣੇ ਦੇਸ਼ ਪਰਤਣ ਤੋਂ ਬਾਅਦ ਯਹੂਦੀਆਂ ਨੇ ਹੈਕਲ ਨੂੰ ਬਣਾਉਣ ਦਾ ਕੰਮ ਉਵੇਂ ਹੀ ਸ਼ੁਰੂ ਕਰ ਦਿੱਤਾ, ਜਿਵੇਂ ਖ਼ੁਦਾ ਨੇ ਚਾਹਿਆ ਸੀ। ਉਨ੍ਹਾਂ ਨੇ ਵੱਡੇ ਅਨੰਦ ਨਾਲ ਨੀਂਹ ਪੱਥਰ ਰੱਖ ਦਿੱਤਾ। ਫਿਰ ਕੰਮ ਬੰਦ ਹੋ ਗਿਆ ਕਿਉਂਕਿ ''ਦੇਸ ਦੇ ਲੋਕ ਯਹੂਦਾਹ ਦੀ ਪਰਜਾ ਦੇ ਹੱਥ ਢਿੱਲੇ ਕਰਨ ਅਰ ਬਣਾਉਣ ਦੇ ਵੇਲੇ ਉਨ੍ਹਾਂ ਨੂੰ ਕਸ਼ਟ ਦੇਣ ਲੱਗੇ'' (4:4)। ਪਰ ਹੈਕਲ ਦੇ ਬਣਾਏ ਜਾਣ ਦੀ ਕਹਾਣੀ ਇੱਥੇ ਖ਼ਤਮ ਨਹੀਂ ਹੁੰਦੀ। ਇਹ ਕਹਾਣੀ ਅਧਿਆਇ 5 ਅਤੇ 6 ਵਿਚ ਜਾਰੀ ਰਹਿੰਦੀ ਹੈ, ਜਿੱਥੇ ਸਾਨੂੰ ਪਤਾ ਲਗਦਾ ਹੈ ਕਿ ਹੱਜਈ ਅਤੇ ਜ਼ਕਰਯਾਹ ਨਬੀਆਂ ਵੱਲੋਂ ਜ਼ੋਰ ਦਿੱਤੇ ਜਾਣ ਤੇ ਹੈਕਲ ਦਾ ਕੰਮ ਫੇਰ ਤੋਂ ਸ਼ੁਰੂ ਹੋ ਗਿਆ ਅਤੇ ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਪੂਰਾ ਹੋ ਗਿਆ।

## ਹੱਜਈ ਅਤੇ ਜ਼ਕਰਯਾਹ ਵੱਲੋਂ ਲੋਕਾਂ ਨੂੰ ਦਲੇਰ ਕੀਤਾ ਗਿਆ (5:1, 2)

**1 ਤਦ ਏਹ ਨਬੀ ਅਰਥਾਤ ਹੱਜਈ ਨਬੀ ਤੇ ਇੱਦੋ ਦਾ ਪੁੱਤਰ ਜ਼ਕਰਯਾਹ ਉਨ੍ਹਾਂ ਯਹੂਦੀਆਂ ਦੇ ਅੱਗੇ**
**ਜੋ ਯਹੂਦਾਹ ਤੇ ਯਰੂਸ਼ਲਮ ਵਿੱਚ ਸਨ ਇਸਰਾਏਲ ਦੇ ਪਰਮੇਸ਼ੁਰ ਦੇ ਨਾਮ ਤੇ ਅਗੰਮਵਾਕ ਬੋਲਣ ਲੱਗੇ**
**2 ਤਦ ਸ਼ਅਲਤੀਏਲ ਦਾ ਪੁੱਤਰ ਜ਼ਰੁੱਬਾਬਲ ਅਰ ਯਸਾਦਾਕ ਦਾ ਪੁੱਤਰ ਯੇਸ਼ੂਆ ਉੱਠੇ ਅਰ ਪਰਮੇਸ਼ੁਰ**
**ਦੇ ਭਵਨ ਨੂੰ ਜੋ ਯਰੂਸ਼ਲਮ ਵਿੱਚ ਸੀ ਬਣਾਉਣ ਲੱਗੇ ਅਰ ਪਰਮੇਸ਼ੁਰ ਦੇ ਓਹ ਨਬੀ ਉਨ੍ਹਾਂ ਦੇ ਨਾਲ**
**ਹੋਕੇ ਉਨ੍ਹਾਂ ਦੀ ਸਹਾਇਤਾ ਕਰਦੇ ਸਨ।**

**ਆਇਤ 1.** ਲੋਕਾਂ ਨੂੰ ਹੈਕਲ ਦਾ ਕੰਮ ਫੇਰ ਤੋਂ ਸ਼ੁਰੂ ਕਰਨ ਵਿਚ ਜਿਸ ਗੱਲ ਦੀ ਲੋੜ ਸੀ ਉਹ ਯਹੋਵਾਹ ਵੱਲੋਂ ਇਕ ਵਚਨ ਸੀ। ਉਹ ਵਚਨ **ਹੱਜਈ ਅਤੇ ਜ਼ਕਰਯਾਹ** ਦੇ ਰਾਹੀਂ ਆਇਆ। ਹੱਜਈ ਦੀ ਪਛਾਣ ਇੱਥੇ ਸਿਰਫ਼ **ਨਬੀ** ਦੇ ਰੂਪ ਵਿਚ ਦਿੱਤੀ ਗਈ ਹੈ। ਉਸ ਦੇ ਨਾਂ ਦਾ ਅਰਥ ਕੁਝ ਕੁਝ ''ਤਿਉਹਾਰ'' ਜਾਂ ''ਪਰਬ ਦਾ ਦਿਨ'' ਵਰਗਾ ਹੈ ਅਤੇ ਇਸ ਕਰਕੇ ਸੁਝਾਅ ਦੇ ਸਕਦਾ ਹੈ ਕਿ ਉਹ ਪਰਬ ਵਾਲੇ ਦਿਨ ਪੈਦਾ ਹੋਇਆ। ਨਬੀ ਬਾਰੇ ਇਸ ਤੋਂ ਛੁੱਟ ਹੋਰ ਕੁਝ ਪਤਾ ਨਹੀਂ ਹੈ ਜੋ ਇਸ ਅਧਿਆਇ ਤੋਂ ਅਤੇ ਹੱਜਈ ਦੀ ਕਿਤਾਬ ਤੋਂ ਪਤਾ ਲਗ ਸਕਦਾ ਹੈ। ਹੱਜਈ ਨੂੰ ਆਮ ਤੌਰ ਤੇ ਜ਼ਕਰਯਾਹ ਨਾਲੋਂ ਉਮਰ ਵਿਚ ਵੱਡਾ ਮੰਨਿਆ ਜਾਂਦਾ ਹੈ। ਇੱਥੇ ਜ਼ਕਰਯਾਹ ਨੂੰ **ਇੱਦੋ ਦਾ ਪੁੱਤਰ** ਕਿਹਾ ਗਿਆ ਹੈ। ਜ਼ਕਰਯਾਹ 1:1 ਸੁਝਾਅ ਦਿੰਦਾ ਹੈ ਕਿ ਉਹ ਇੱਦੋ ਦਾ ਪੋਤਾ ਹੈ। ਇਸ ਕਰਕੇ ਇਸ ਆਇਤ ਵਿਚ ''ਪੁੱਤਰ'' ਦਾ ਅਰਥ ਸੰਭਵ ਤੌਰ ਤੇ ''ਸੰਤਾਨ'' ਹੈ।

ਇਹ **ਨਬੀ** ਆਪਣਾ ਕੰਮ ਇਸ ਕਰਕੇ ਕਰਨ ਲੱਗੇ ਕਿਉਂ ਜੋ **ਪਰਮੇਸ਼ੁਰ** ਨੇ ਉਨ੍ਹਾਂ ਨੂੰ ਆਪਣਾ ਕੰਮ ਪੂਰਾ ਕਰਨ ਲਈ **ਯਹੂਦੀਆਂ** ਨੂੰ ਪ੍ਰੇਰਣਾ ਦੇਣ ਲਈ ਉਭਾਰਿਆ। 520 ਈ.ਪੂ. ਵਿਚ ਹੱਜਈ ''ਛੇਵੇਂ ਮਹੀਨੇ ਦੀ ਪਹਿਲੀ ਤਰੀਕ ਨੂੰ'' (ਹੱਜਈ 1:1) ਭਾਵ ਅਗਸਤ ਦੇ ਮਹੀਨੇ ਵਿਚ ਕਿਤੇ, ਜ਼ਰੁੱਬਾਬਲ ਅਤੇ ਯੇਸ਼ੂਆ ਕੋਲ ਗਿਆ। ਉਸ ਦੇ ਜ਼ਬਰਦਸਤ ਪ੍ਰਚਾਰ ਕਰਕੇ ਹੈਕਲ ਦਾ ਕੰਮ ਤਿੰਨ ਹਫ਼ਤਿਆਂ ਬਾਅਦ ਫੇਰ ਸ਼ੁਰੂ ਹੋ ਗਿਆ (ਹੱਜਈ 1:15)। ਉਹਦੇ ਦੋ ਮਹੀਨਿਆਂ ਬਾਅਦ ਯਹੋਵਾਹ ਵੱਲੋਂ ਨਬੂਵਤ ਦੇ ਕੰਮ ਵਿਚ ਹੱਜਈ ਦਾ ਸਾਥ ਦੇਣ ਲਈ ਜ਼ਕਰਯਾਹ ਨੂੰ ਉਭਾਰਿਆ ਗਿਆ (ਜ਼ਕਰਯਾਹ 1:1)।

ਹੱਜਈ ਅਤੇ ਜ਼ਕਰਯਾਹ ਦੋ ਨਬੀ ਸਨ ਜਿਨ੍ਹਾਂ ਦਾ ਇੱਕੋ ਹੀ ਟੀਚਾ, ਲੋਕਾਂ ਨੂੰ ਦਲੇਰ ਕਰਨਾ ਅਤੇ ਹੈਕਲ ਨੂੰ ਬਣਾਉਣ ਦਾ ਕੰਮ ਪੂਰਾ ਕਰਨਾ ਸੀ। ਫਿਰ ਵੀ ਉਨ੍ਹਾਂ ਨੇ ਤਰੀਕੇ ਵੱਖੋ ਵੱਖ ਵਰਤੇ। ਹੱਜਈ ਸਾਫ਼–ਸਾਫ਼ ਬੋਲਣ ਵਾਲਾ ਸੀ ਭਾਵ ਉਹਦਾ ਸੰਦੇਸ਼ ਸਾਫ਼ ਅਤੇ ਸਿੱਧਾ ਹੁੰਦਾ ਸੀ: ''ਹੈਕਲ ਨੂੰ ਬਣਾਓ!'' ਉਹਦੇ ਉਲਟ ਜ਼ਕਰਯਾਹ ਸੁਪਨਦਰਸ਼ੀ ਸੀ ਜਿਹੜਾ ਉਸ ਨੂੰ ਖ਼ੁਦਾ ਵੱਲੋਂ ਦਿੱਤੇ ਗਏ ਦਰਸ਼ਣਾਂ ਦੇ ਰਾਹੀਂ ਯਹੂਦੀਆਂ ਨੂੰ ਦਲੇਰ ਕਰਦਾ ਸੀ। ਉਹ ਕਿਸੇ ਫ਼ਰਿਸ਼ਤੇ ਵੱਲੋਂ ਉਸ ਨੂੰ ਕਹੇ ਗਏ ''ਦਿਲਾਸੇ ਦੇ ਸ਼ਬਦਾਂ'' ਨਾਲ ਸਮਝਾਉਂਦਾ ਸੀ (ਵੇਖੋ ਜ਼ਕਰਯਾਹ 1:13–17)। ਉਹ ਉਨ੍ਹਾਂ ਦੇ ਟੁੱਟੇ ਮਨਾਂ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਸੀ ਅਤੇ ਉਨ੍ਹਾਂ ਦੇ ਮਨਾਂ ਅੰਦਰ ਝਾਕਣ ਦੀ ਕੋਸ਼ਿਸ਼ ਕਰਦਾ ਸੀ। ਇਨ੍ਹਾਂ ਦੋਹਾਂ ਨੇ ਰਲ ਕੇ ਉਹ ਪੂਰਾ ਕੀਤਾ ਜੋ ਉਨ੍ਹਾਂ ਨੇ ਧਾਰਿਆ ਸੀ। ਭਾਵ ਜੋ ਖ਼ੁਦਾ ਨੇ ਉਨ੍ਹਾਂ ਨੂੰ ਕਰਨ ਲਈ ਘੱਲਿਆ।

**ਆਇਤ 2. ਜ਼ਰੁੱਬਾਬਲ** ਅਤੇ **ਯੇਸ਼ੂਆ** ਲੋਕਾਂ ਦੇ ਅੱਗੇ ਲੱਗੇ ਅਤੇ **ਪਰਮੇਸ਼ੁਰ ਦੇ ਭਵਨ ਨੂੰ ਬਣਾਉਣ ਲੱਗੇ**। ਜ਼ਰੁੱਬਾਬਲ ਜਿਸ ਨੂੰ ਹੱਜਈ 1:1 ਵਿਚ ਯਹੂਦੀਆਂ ਦਾ ''ਹਾਕਮ'' ਕਿਹਾ ਗਿਆ ਹੈ, ਇੱਥੇ **ਸ਼ਅਲਤੀਏਲ ਦਾ ਪੁੱਤਰ** ਕਿਹਾ ਗਿਆ ਹੈ, ਜੋ ਇਹ ਦੱਸਦਾ ਹੈ ਕਿ ਉਹ ਸਿੱਧੇ ਤੌਰ ਤੇ ਬਾਦਸ਼ਾਹ ਦਾਊਦ ਦਾ ਵੰਸ਼ ਸੀ। ''ਸ਼ਅਲਤੀਏਲ'' ਯਹੂਦਾ ਦੇ ਆਖ਼ਰੀ ਤੋਂ ਅਗਲੇ ਰਾਜੇ ਯਹੋਯਾਕੀਨ (ਯਕੋਨਿਯਾਹ) ਦਾ ਪੁੱਤਰ ਸੀ (1 ਇਤਹਾਸ 3:17)। ਭਾਵੇਂ ਯਹੋਯਾਕੀਨ ਦੀ ਥਾਂ ਸਿਦਕੀਯਾਹ ਆਇਆ ਪਰ ਯਹੂਦਾ ਦਾ ਅਸਲੀ ਰਾਜਾ ਓਸੇ ਨੂੰ ਮੰਨਿਆ ਜਾਂਦਾ ਸੀ। ਜ਼ਰੁੱਬਾਬਲ ਯਹੂਦਾ ਦੇ ਜ਼ਾਬਰਾਂ ਦੇ ਸਿਆਸੀ ਇਖ਼ਤਿਆਰ ਵਾਲਾ ਦਾਊਦ ਦੀ ਕੁਲ ਵਿੱਚੋਂ ਆਖ਼ਰੀ ਸੀ।[1]

ਇਸ ਹਵਾਲੇ ਵਿਚ ਅਤੇ ਹੋਰ ਕਿਤੇ ਭਾਵੇਂ ਜ਼ਰੁੱਬਾਬਲ ਨੂੰ ''ਸ਼ਅਲਤੀਏਲ ਦਾ ਪੁੱਤਰ'' ਆਖਿਆ ਗਿਆ ਹੈ (3:2; ਨਹਮਯਾਹ 12:1; ਹੱਜਈ 1:1), 1 ਇਤਹਾਸ 3:19 ਵਿਚ ਉਸ ਨੂੰ ਯਹੋਯਾਕੀਨ ਦਾ ਇਕ ਹੋਰ ਪੁੱਤਰ ਫਦਾਯਾਹ ਦਾ ਪੁੱਤਰ ਅਤੇ ਸ਼ਅਲਤੀਏਲ ਦਾ ਭਰਾ ਦੱਸਿਆ ਗਿਆ ਹੈ। ''ਹੋ ਸਕਦਾ ਹੈ ਕਿ ਵਿਧਵਾ ਭਾਬੀ ਨਾਲ ਵਿਆਹ ਕਰਕੇ, ਪਦਾਯਾਹ ਨੇ ਆਪਣੇ ਮਰੇ ਹੋਏ ਭਰਾ ਸ਼ਅਲਤੀਏਲ ਦੀ ਵਿਧਵਾ ਨਾਲ ਵਿਆਹ ਕਰ ਲਿਆ ਹੋਵੇ (ਬਿਵਸਥਾ ਸਾਰ 25:5–6)।''[2] ਯਿਸੂ ਦੀ ਕੁਲਪੱਤਰੀ ਵਿਚ ਵੀ ਜ਼ਰੁੱਬਾਬਲ ਨੂੰ ਸ਼ਅਲਤੀਏਲ ਦਾ ਪੁੱਤਰ ਦੱਸਿਆ ਗਿਆ ਹੈ (ਮੱਤੀ 1:12, 13; ਲੂਕਾ 3:27)।

ਯਹੂਦੀਆਂ ਵੱਲੋਂ ਭਾਵੇਂ ਜ਼ਰੁੱਬਾਬਲ ਨੂੰ ਕਦੇ ਰਾਜਾ ਨਹੀਂ ਮੰਨਿਆ ਗਿਆ ਪਰ ਟੀਕਾਕਾਰ ਕਈ ਵਾਰ ਅੰਦਾਜ਼ਾ ਲਾਉਂਦੇ ਹਨ ਕਿ ਕੁਝ ਯਹੂਦੀ ਉਹਨੂੰ ਰਾਜਾ ਬਣਾਉਣਾ ਚਾਹੁੰਦੇ ਸਨ ਅਤੇ ਦਾਊਦ ਦੇ ਰਾਜ ਨੂੰ ਬਹਾਲ ਕਰਨਾ ਚਾਹੁੰਦੇ ਹੋਣ। ਕਈਆਂ ਦਾ ਵਿਚਾਰ ਹੈ ਕਿ ਫ਼ਾਰਸੀ ਰਾਜਿਆਂ ਨੂੰ ਡਰ ਸੀ ਕਿ ਯਹੂਦਾਹ ਵਿਚ ਸ਼ਾਹੀ ਗੁੱਟ ਉੱਠ ਸਕਦਾ ਹੈ ਇਸ ਕਰਕੇ ਉਹ ਇਸ ਗੱਲ ਤੋਂ ਚੌਕਸ ਸਨ ਕਿ ਜ਼ਰੁੱਬਾਬਲ ਨੂੰ ਬਹੁਤੀ ਸ਼ਕਤੀ ਨਾ ਦਿੱਤੀ ਜਾਵੇ। (ਅਤੇ ਇਸੇ ਕਰਕੇ ਉਨ੍ਹਾਂ ਦੀ ਚਿੰਤਾ ਕਰਕੇ ਉਸ ਨੂੰ ਹਾਕਮ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੋ ਸਕਦਾ ਹੈ)। ਫ੍ਰੈਡ੍ਰਿਕ ਕਾਰਲਸ ਹੋਮਗ੍ਰੇਨ ਨੇ ਦੱਸਿਆ ਹੈ ਕਿ ਦਾਊਦ ਦੀ ਸੰਤਾਨ ਜ਼ਰੁੱਬਾਬਲ ਨੂੰ ਭਾਵੇਂ ਰਾਜਾ ਜਾਂ ਰਾਜਕੁਮਾਰ ਨਹੀਂ ਕਿਹਾ ਗਿਆ ਪਰ ਉਹਨੇ ਕੰਮ ਉਹੀ ਕੀਤਾ ਜਿਹੜੇ ਰਾਜਿਆਂ ਜਾਂ ਰਾਜਕੁਮਾਰਾਂ ਨੇ ਇਸਰਾਏਲ ਦੇ ਇਤਹਾਸ ਵਿਚ ਕੀਤੇ। ਉਸ ਨੇ ਹੈਕਲ ਨੂੰ ਬਣਾਇਆ ਅਤੇ ਉਸ ਦੀ ਮੁਰੰਮਤ ਕੀਤੀ (ਸੁਲੇਮਾਨ, ਹਿਜ਼ਕੀਯਾਹ, ਅਤੇ ਯੋਸ਼ਿਯਾਹ ਦੇ ਕੰਮ ਵਾਂਗ)।[3]

ਜਦੋਂ ਜ਼ਰੁੱਬਾਬਲ ਹਾਕਮ ਸੀ ਤਾਂ ਯੇਸ਼ੂਆ ਪ੍ਰਧਾਨ ਯਾਜਕ ਸੀ (2:2 ਤੇ ਟਿੱਪਣੀਆਂ ਵੇਖੋ)। ਜ਼ਰੁੱਬਾਬਲ ਅਤੇ ਯੇਸ਼ੂਆ ਦੀ ਲੀਡਰਸ਼ਿਪ ਨੂੰ ਨਬੀਆਂ ਦੇ ਕੰਮ ਕਰਦੇ ਰਹਿਣ ਨਾਲ ਮਦਦ ਮਿਲੀ। ਨਵੇਂ ਸਿਰਿਉਂ ਬਣਾਉਣ ਦੇ ਸਮੇਂ ਦੌਰਾਨ ਜਿਹੜਾ ਚਾਰ ਕੁ ਸਾਲਾਂ ਤਕ ਚੱਲਿਆ, **ਪਰਮੇਸ਼ੁਰ ਦੇ ਓਹ ਨਬੀ ਉਨ੍ਹਾਂ ਦੇ ਨਾਲ ਹੋਕੇ ਉਨ੍ਹਾਂ ਦੀ ਸਹਾਇਤਾ ਕਰਦੇ ਸਨ।** ਕੋਈ ਸ਼ੱਕ ਨਹੀਂ ਕਿ ਪਰਮੇਸ਼ੁਰ ਦੇ ਵਚਨ

ਨਾਲ ਉਨ੍ਹਾਂ ਨੂੰ ਸਮਝਾ ਕੇ ਅਤੇ ਦਲੇਰ ਕਰਦੇ ਰਹਿ ਕੇ।

## **ਫ਼ਾਰਸੀ ਅਧਿਕਾਰੀਆਂ ਵੱਲੋਂ ਲੋਕਾਂ ਤੋਂ ਪੁੱਛ-ਗਿੱਛ** (5:3-5)

**[3]ਉਸ ਵੇਲੇ ਦਰਿਆਉਂ ਪਾਰ ਦਾ ਹਾਕਮ ਤਤਨਈ ਤੇ ਸਥਰਬੋਜ਼ਨਈ ਤੇ ਉਨ੍ਹਾਂ ਦੇ ਸਾਥੀ ਓਨ੍ਹਾਂ ਦੇ ਕੋਲ ਆ ਕੇ ਆਖਣ ਲੱਗੇ ਕਿ ਕਿਹ ਦੀ ਆਗਿਆ ਨਾਲ ਤੁਸੀਂ ਏਸ ਭਵਨ ਨੂੰ ਬਣਾਉਂਦੇ ਤੇ ਏਸ ਕੰਧ ਨੂੰ ਨਬੇੜਦੇ ਹੋ? [4]ਤਦ ਅਸੀਂ ਉਨ੍ਹਾਂ ਨੂੰ ਐਉਂ ਵੀ ਦੱਸ ਦਿੱਤਾ ਭਈ ਜਿਹੜੇ ਲੋਕ ਏਸ ਮਕਾਨ ਨੂੰ ਬਣਾ ਰਹੇ ਹਨ ਓਨ੍ਹਾਂ ਦੇ ਕੀ ਨਾਂ ਹਨ [5]ਪਰ ਪਰਮੇਸ਼ੁਰ ਦੀ ਨਿਗਾਹ ਯਹੂਦੀ ਬਜ਼ੁਰਗਾਂ ਉੱਤੇ ਸੀ ਅਤੇ ਉਨ੍ਹਾਂ ਨੇ ਓਨ੍ਹਾਂ ਨੂੰ ਨਾ ਰੋਕਿਆ ਜਦੋਂ ਤਾਈਂ ਏਹ ਗੱਲ ਦਾਰਾ ਤਾਈਂ ਨਾ ਅੱਪੜੀ ਤੇ ਫੇਰ ਉਹ ਦੇ ਵਿਖੇ ਚਿੱਠੀ ਦੇ ਰਾਹੀਂ ਉੱਤਰ ਨਾ ਆਇਆ।**

ਭਵਨ ਦੇ ਨਵੇਂ ਸਿਰਿਉਂ ਬਣਨਾ ਸ਼ੁਰੂ ਹੁੰਦਿਆਂ ਸਾਰ ਇਕ ਨਵੀਂ ਮੁਸ਼ਕਿਲ ਸ਼ੁਰੂ ਹੋਈ। ਇਸ ਵਾਰ ਦੀ ਮੁਸ਼ਕਿਲ ਦੇਸ਼ ਦੇ ਲੋਕਾਂ ਦੀ ਨਹੀਂ, ਬਲਕਿ ਹਾਕਮ ਸੀ ਜਿਹੜਾ ਉਸ ਸੂਬੇ ਉੱਤੇ ਸੀ, ਜਿਸ ਦੇ ਤਹਿਤ ਯਹੂਦਾਹ ਆਉਂਦਾ ਸੀ।

**ਆਇਤ 3.** ਇਸ ਮੌਕੇ ਤੇ ਯਹੂਦੀਆਂ ਤੋਂ ਸਵਾਲ ਜਵਾਬ ਕਰਨ ਵਾਲੇ ਲੋਕ 4:1–3 ਦੇ ਯਹੂਦੀਆਂ ਨਾਲੋਂ ਵੱਖਰੇ ਸਨ। ਇਸ ਵਾਰ ਪੁੱਛ–ਗਿੱਛ ਕਰਨ ਵਾਲਿਆਂ ਦਾ ਆਗੂ **ਤਤਨਈ** ਸੀ, ਜਿਸ ਨੂੰ **ਦਰਿਆਉਂ ਪਾਰ ਦਾ** ਭਾਵ ਉਸ ਸੂਬੇ ਦਾ **ਹਾਕਮ** ਵਿਖਾਇਆ ਗਿਆ ਹੈ ਜਿਸ ਦੇ ਤਹਿਤ ਯਹੂਦਾਹ ਆਉਂਦਾ ਸੀ।[4]

ਉਹਦੇ ਨਾਲ **ਸਥਰਬੋਜ਼ਨਈ,** ਜੋ ਜ਼ਾਹਿਰ ਤੌਰ ਤੇ ਉਸ ਦਾ ਸਹਾਇਕ ਜਾਂ ਲਿਖਾਰੀ ਸੀ, ਅਤੇ ਹੋਰ ਸਰਕਾਰੀ ਅਧਿਕਾਰੀ ਸਨ। ਉਨ੍ਹਾਂ ਨੇ ਪੁੱਛਿਆ, ''**ਕਿਹ ਦੀ ਆਗਿਆ ਨਾਲ ਤੁਸੀਂ ਏਸ ਭਵਨ ਨੂੰ ਬਣਾਉਂਦੇ ਤੇ ਏਸ ਕੰਧ ਨੂੰ ਨਬੇੜਦੇ ਹੋ?**'' ਉਹ ਇਹ ਜਾਣਨਾ ਚਾਹ ਰਹੇ ਸਨ ਕਿ ਯਹੂਦੀਆਂ ਨੂੰ ''ਹੈਕਲ'' ਬਣਾਉਣ ਦਾ ਇਖ਼ਤਿਆਰ ਕਿਸ ਨੇ ਦਿੱਤਾ।[5] ਪੁੱਛ–ਗਿੱਛ ਕਰਨ ਦਾ ਉਨ੍ਹਾਂ ਦਾ ਕਾਰਣ ਸਮਝ ਆਉਂਦਾ ਹੈ। ਕਿਸੇ ਵੀ ਵੱਡੇ ਭਵਨ ਨੂੰ ਬਣਾਉਣ ਲਈ ਫ਼ਾਰਸੀ ਰਾਜੇ ਦੀ ਪਰਵਾਨਗੀ ਜ਼ਰੂਰੀ ਸੀ। ਇਸ ਕਰਕੇ ਅਜਿਹੀ ਗਤੀਵਿਧੀ ਨਾਲ ਇਹ ਪਤਾ ਲਗ ਸਕਦਾ ਸੀ ਕਿ ਇਸ ਨੂੰ ਬਣਾਉਣ ਵਾਲੇ ਲੋਕ ਆਪਣੇ ਫ਼ਾਰਸੀ ਮਾਲਕਾਂ ਦੇ ਖ਼ਿਲਾਫ਼ ਬਗ਼ਾਵਤ ਕਰਨ ਹੀ ਵਾਲੇ ਸਨ। ਇਹ ਧਿਆਨ ਦੇਣ ਯੋਗ ਹੈ ਕਿ ਤਤਨਈ ਅਤੇ ਉਸ ਦੇ ਸਾਥੀਆਂ ਵੱਲੋਂ ਪੁੱਛਿਆ ਗਿਆ ਸਵਾਲ ਅਧਿਆਇ 4 ਵਿਚ ਯਹੂਦੀਆਂ ਦੇ ਵਿਰੋਧੀਆਂ ਦੇ ਦੁਸ਼ਮਣੀ ਵਾਲੇ ਸਵਾਲ ਨਾਲੋਂ ਫ਼ਰਕ ਸੀ। ਫ਼ਾਰਸੀ ਅਧਿਕਾਰੀਆਂ ਨੇ ਆਪਣੇ ਆਪ ਨੂੰ ਸਿਰਫ਼ ਰਾਜੇ ਦੇ ਹਿੱਤਾਂ ਦੀ ਰਾਖੀ ਦਾ ਆਪਣਾ ਕੰਮ ਕਰ ਰਹੇ ਲੋਕਾਂ ਦੇ ਰੂਪ ਵਿਚ ਵਿਖਾਇਆ।

**ਆਇਤ 4.** NASB ਦੇ ਮੁਤਾਬਕ, ਜੋ MT ਦੀ ਝਲਕ ਦਿੰਦਾ ਹੈ, ਯਹੂਦੀ ਆਗੂਆਂ ਨੇ ਤਤਨਈ ਦੀ ਬੇਨਤੀ ਦਾ ਜਵਾਬ ਉਸ ਪ੍ਰੋਜੈਕਟ ਦੇ ਆਗੂਆਂ ਦੇ **ਨਾਂ** ਦੇ ਕੇ ਦਿੱਤਾ। ਪਰ ਇੱਥੇ ਇਕ ਉਲਝਣ ਖੜੀ ਹੋ ਜਾਂਦੀ ਹੈ ਕਿ ਲੇਖਕ ਨੇ ਆਇਤ 3 ਵਿਚ ਅੱਨਯ ਪੁਰਖ ਤੋਂ (''ਤਤਨਈ ... ਉਨ੍ਹਾਂ ਦੇ ਕੋਲ ਆ ਕੇ ਆਖਣ ਲੱਗੇ'') ਆਇਤ 4 ਵਿਚ ਉੱਤਮ ਪੁਰਖ ਵਿਚ ਬਦਲ ਦਿੱਤਾ (**ਅਸੀਂ ਉਨ੍ਹਾਂ ਨੂੰ ਦੱਸ ਦਿੱਤਾ**)। ਇਹ ਬਦਲਾਅ ਬਾਹਰੀ ਲਗਦਾ ਹੈ ਕਿਉਂਕਿ ਕਿਤਾਬ ਵਿਚ ਇੱਥੇ ਅਜ਼ਰਾ ਸ਼ਾਮਿਲ ਨਹੀਂ ਹੈ। ਰੁਬਨ ਰੈਜ਼ਲੈਫ਼ ਨੇ ਸੁਝਾਅ ਦਿੱਤਾ ਹੈ ਕਿ ''ਅਸੀਂ'' ਨੂੰ ''ਠੀਕ ਕਰਕੇ 'ਉਹ' ਕੀਤਾ ਜਾਣਾ ਚਾਹੀਦਾ ਹੈ; ਅਰਾਮੀ ਵਿਚ ਥੋੜ੍ਹਾ ਜਿਹਾ ਫ਼ਰਕ ਹੋਵੇਗਾ ਅਤੇ ਇਹ ਬਦਲਾਅ ਲਿਖਾਰੀ ਦੀ ਗਲਤੀ ਮੰਨੀ ਜਾ ਸਕਦੀ ਹੈ।''[6] ਸੁਝਾਅ ਹੈ ਕਿ ਬਹੁਤ ਅਨੁਵਾਦਕ ਇਸ ਸੁਝਾਅ ਨੂੰ ਮੰਨਦੇ ਹਨ ਕਿਉਂ ਜੋ ਆਧੁਨਿਕ ਸੰਸਕਰਣਾਂ ਵਿਚ ਖ਼ਾਸ ਤੌਰ ਤੇ ''ਅਸੀਂ'' ਨਹੀਂ ਹੈ, ਬਲਕਿ LXX ਨੂੰ ਮੰਨਦੇ ਹੋਏ ''ਉਹ'' ਲਿਖਿਆ

ਗਿਆ ਹੈ (RSV; NRSV; NIV; NEB; REB; TEV; NCV; NLT; ESV)। ਉਦਾਹਰਣ ਲਈ REB ਵਿਚ ਹੈ, ''ਉਨ੍ਹਾਂ ਨੇ ਭਵਨ ਨੂੰ ਬਣਾਉਣ ਵਿਚ ਲੱਗੇ ਲੋਕਾਂ ਦੇ ਨਾਂਅ ਪੁੱਛੇ।'' ਇਸ ਸਮਝ ਨੂੰ ਆਇਤ 10 ਤੋਂ ਮਦਦ ਮਿਲਦੀ ਹੈ ਜੋ ਆਖਦੀ ਹੈ ਕਿ ਅਧਿਕਾਰੀਆਂ ਨੇ ਯਹੂਦੀਆਂ ਤੋਂ ਉਨ੍ਹਾਂ ਦੇ ਨਾਂਅ ਪੁੱਛੇ।

**ਆਇਤ 5.** ਪਿਛਲੇ ਅਧਿਆਇ ਵਿਚ ਦੱਸੇ ਗਏ ਦੇ ਉਲਟ ਇਸ ਹਾਲਤ ਵਿਚ ਯਹੂਦੀ ਲੋਕ ਡਰੇ ਨਹੀਂ ਸਨ। ਸ਼ਾਇਦ ਇਹ ਕਹਿਣਾ ਵਧੇਰੇ ਸਹੀ ਹੋਵੇਗਾ ਕਿ ਖ਼ੁਦਾ ਨੇ ਆਪਣੇ ਲੋਕਾਂ ਨੂੰ ਧਮਕੀਆਂ ਅਤੇ ਡਰਾਵਿਆਂ ਦੀਆਂ ਚਾਲਾਂ ਤੋਂ ਰੱਬੀ ਇੰਤਜ਼ਾਮ ਦੇ ਰਾਹੀਂ ਬਚਾਇਆ। ਪਹਿਲਾਂ ਵਾਂਗ ਕੰਮ ਕਰਨਾ ਬੰਦ ਕਰਨ ਦੀ ਬਜਾਇ, ਉਹ ਉਦੋਂ ਤਕ ਬਣਾਉਂਦੇ ਰਹੇ ਜਦ ਤਕ ਤਤਨਈ ਇਹ ਤਸਦੀਕ ਨਹੀਂ ਕਰ ਸਕਿਆ ਕਿ ਉਨ੍ਹਾਂ ਨੂੰ ਫ਼ਾਰਸੀ ਰਾਜੇ ਵੱਲੋਂ ਕੰਮ ਕਰਨ ਦਾ ਇਖ਼ਤਿਆਰ ਮਿਲਿਆ ਸੀ। ਕੰਮ ਕਰਦੇ ਰਹਿਣ ਦਾ ਅਸਲ ਕਾਰਣ ਇਹ ਸੀ ਕਿ **ਪਰਮੇਸ਼ੁਰ ਦੀ ਨਿਗਾਹ ਯਹੂਦੀ ਬਜ਼ੁਰਗਾਂ ਉੱਤੇ ਸੀ**। ਦੂਜੇ ਸ਼ਬਦਾਂ ਵਿਚ ਯਹੋਵਾਹ ਦੀ ਚੌਕਸ ਸੰਭਾਲ ਕਰਕੇ ਕੰਮ ਚੱਲਦਾ ਰਿਹਾ।

## **ਦਾਰਾ ਨੂੰ ਘੱਲੀ ਗਈ ਚਿੱਠੀ** (5:6-17)

**[6]ਉਸ ਚਿੱਠੀ ਦੀ ਨਕਲ ਜੋ ਦਰਿਆਉਂ ਪਾਰ ਦੇ ਹਾਕਮ ਤਤਨਈ ਤੇ ਸ਼ਥਰ-ਬੋਜ਼ਨਈ ਤੇ ਉਹ ਦੇ ਅਫਰਸਕਾਈ ਸਾਥੀਆਂ ਨੇ ਜੋ ਦਰਿਆਉਂ ਪਾਰ ਸਨ ਦਾਰਾ ਪਾਤਸ਼ਾਹ ਨੂੰ ਘੱਲੀ [7]ਉਸ ਘੱਲੀ ਹੋਈ ਚਿੱਠੀ ਦੇ ਵਿੱਚ ਇਉਂ ਲਿਖਿਆ ਗਿਆ ਸੀ - ਦਾਰਾ ਪਾਤਸ਼ਾਹ ਉੱਤੇ ਹਰ ਤਰਾਂ ਦੀ ਸਲਾਮਤੀ ਹੋਵੇ [8]ਪਾਤਸ਼ਾਹ ਨੂੰ ਮਾਲੂਮ ਹੋਵੇ ਭਈ ਅਸੀਂ ਯਹੂਦਾਹ ਦੇ ਸੂਬੇ ਵਿੱਚ ਮਹਾਂ ਪਰਮੇਸ਼ੁਰ ਦੇ ਭਵਨ ਨੂੰ ਗਏ। ਉਹ ਵੱਡੇ ਪੱਥਰਾਂ ਨਾਲ ਬਣ ਰਿਹਾ ਹੈ ਅਤੇ ਕੰਧਾਂ ਵਿੱਚ ਗੇਲੀਆਂ ਜੜੀਦੀਆਂ ਹਨ ਅਤੇ ਕੰਮ ਬੜੇ ਉੱਦਮ ਨਾਲ ਹੋ ਰਿਹਾ ਹੈ ਅਤੇ ਉਨ੍ਹਾਂ ਦੇ ਹੱਥੀਂ ਬੜੀ ਸੁਫਲਤਾ ਨਾਲ ਚੱਲ ਰਿਹਾ ਹੈ [9]ਤਦ ਅਸੀਂ ਉਨ੍ਹਾਂ ਬਜ਼ੁਰਗਾਂ ਨੂੰ ਪੁੱਛਿਆ ਤੇ ਉਨ੍ਹਾਂ ਨੂੰ ਐਉਂ ਆਖਿਆ ਭਈ ਤੁਸੀਂ ਕਿਸ ਦੀ ਆਗਿਆ ਨਾਲ ਏਸ ਭਵਨ ਨੂੰ ਬਣਾਉਂਦੇ ਤੇ ਏਸ ਕੰਧ ਨੂੰ ਪੂਰਾ ਕਰਦੇ ਹੋ? [10]ਅਤੇ ਅਸੀਂ ਓਨ੍ਹਾਂ ਮਨੁੱਖਾਂ ਦੇ ਨਾਉਂ ਵੀ ਪੁੱਛੇ ਤਾਂ ਜੋ ਅਸੀਂ ਓਨ੍ਹਾਂ ਮਨੁੱਖਾਂ ਦੇ ਨਾਉਂ ਲਿਖ ਕੇ ਤੁਹਾਨੂੰ ਸਮਾਚਾਰ ਦੇਈਏ ਭਈ ਓਨ੍ਹਾਂ ਦੇ ਮੁਖੀਏ ਕੌਣ ਹਨ। [11]ਓਨ੍ਹਾਂ ਨੇ ਸਾਨੂੰ ਇਉਂ ਉੱਤਰ ਦਿੱਤਾ ਭਈ ਅਸੀਂ ਧਰਤੀ ਤੇ ਅਕਾਸ਼ ਦੇ ਪਰਮੇਸ਼ੁਰ ਦੇ ਦਾਸ ਹਾਂ ਅਤੇ ਉਹੋ ਭਵਨ ਬਣਾਉਂਦੇ ਹਾਂ ਜਿਸ ਨੂੰ ਬਣਿਆਂ ਬਹੁਤ ਵਰਹੇ ਹੋਏ ਅਤੇ ਜਿਸ ਨੂੰ ਇਸਰਾਏਲ ਦੇ ਇੱਕ ਵੱਡੇ ਪਾਤਸ਼ਾਹ ਨੇ ਬਣਾਇਆ ਤੇ ਪੂਰਾ ਕੀਤਾ ਸੀ [12]ਪਰੰਤੂ ਜਦੋਂ ਸਾਡੇ ਪਿਉ ਦਾਦਿਆਂ ਨੇ ਅਕਾਸ਼ ਦੇ ਪਰਮੇਸ਼ੁਰ ਦੇ ਕ੍ਰੋਧ ਨੂੰ ਭੜਕਾਇਆ ਤਾਂ ਉਹ ਨੇ ਓਨ੍ਹਾਂ ਨੂੰ ਬਾਬਲ ਦੇ ਕਸਦੀ ਪਾਤਸ਼ਾਹ ਨਬੂਕਦਨੱਸਰ ਦੇ ਹੱਥ ਵਿੱਚ ਦੇ ਦਿੱਤਾ ਜਿਸਨੇ ਏਸ ਭਵਨ ਨੂੰ ਉਜਾੜ ਦਿੱਤਾ ਅਰ ਲੋਕਾਂ ਨੂੰ ਬਾਬਲ ਨੂੰ ਲੈ ਗਿਆ [13]ਪਰ ਬਾਬਲ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰਹੇ ਵਿੱਚ ਓਸੇ ਕੋਰਸ ਪਾਤਸ਼ਾਹ ਆਗਿਆ ਦਿੱਤੀ ਭਈ ਪਰਮੇਸ਼ੁਰ ਦਾ ਇਹ ਭਵਨ ਬਣਾਇਆ ਜਾਵੇ [14]ਅਤੇ ਪਰਮੇਸ਼ੁਰ ਦੇ ਭਵਨ ਦੇ ਸੋਨੇ ਤੇ ਚਾਂਦੀ ਦੇ ਭਾਂਡਿਆਂ ਨੂੰ ਵੀ ਜਿਨ੍ਹਾਂ ਨੂੰ ਨਬੂਕਦਨੱਸਰ ਯਰੂਸ਼ਲਮ ਦੀ ਹੈਕਲ ਵਿੱਚੋਂ ਕੱਢ ਕੇ ਬਾਬਲ ਦੇ ਮੰਦਰ ਵਿਚ ਲੈ ਆਇਆ ਸੀ ਕੋਰਸ ਪਾਤਸ਼ਾਹ ਨੇ ਬਾਬਲ ਦੇ ਮੰਦਰੋਂ ਕੱਢਿਆ ਅਰ ਉਨ੍ਹਾਂ ਨੂੰ ਸ਼ੇਸ਼ਬੱਸਰ ਨਾਮੀ ਇੱਕ ਆਦਮੀ ਨੂੰ ਜਿਸ ਨੂੰ ਉਸ ਨੇ ਹਾਕਮ ਬਣਾਇਆ ਸੀ ਸੌਂਪ ਦਿੱਤਾ [15]ਅਤੇ ਉਸ ਨੇ ਆਖਿਆ ਭਈ ਇਨ੍ਹਾਂ ਭਾਂਡਿਆਂ ਨੂੰ ਲੈ ਤੇ ਜਾਹ ਅਰ ਇਨ੍ਹਾਂ ਨੂੰ ਯਰੂਸ਼ਲਮ ਦੀ ਹੈਕਲ ਵਿੱਚ ਰੱਖ ਤੇ ਪਰਮੇਸ਼ੁਰ ਦਾ ਭਵਨ ਉਹ ਦੇ ਥਾਂ ਤੇ ਬਣਾਇਆ ਜਾਵੇ [16]ਤਦ ਓਸੇ ਸ਼ੇਸ਼ਬੱਸਰ ਨੇ ਆ ਕੇ ਪਰਮੇਸ਼ੁਰ ਦੇ ਭਵਨ ਦੀ ਜੋ ਯਰੂਸ਼ਲਮ ਵਿੱਚ ਹੈ ਨੀਉਂ ਧਰੀ ਤੇ ਉਸ ਵੇਲੇ ਤੋਂ ਹੁਣ ਤਾਈਂ ਉਹ ਬਣ ਰਿਹਾ ਹੈ ਪਰ ਅਜੇ ਪੂਰਾ ਨਹੀਂ ਹੋਇਆ [17]ਏਸ ਲਈ ਹੁਣ ਜੇ ਮਹਾਰਾਜ ਉੱਚਿਤ ਜਾਣਨ ਤਾਂ ਮਹਾਰਾਜ ਦੇ ਰਾਜ ਭੰਡਾਰ ਵਿੱਚ ਜੋ ਬਾਬਲ ਵਿੱਚ ਹੈ ਪੜਤਾਲ ਕੀਤੀ ਜਾਵੇ ਭਈ ਕੋਰਸ ਪਾਤਸ਼ਾਹ ਨੇ ਪਰਮੇਸ਼ੁਰ ਦੇ ਏਸ ਭਵਨ ਨੂੰ ਯਰੂਸ਼ਲਮ ਵਿੱਚ ਬਣਾਉਣ ਦੀ ਆਗਿਆ**

**ਦਿੱਤੀ ਸੀ ਯਾ ਨਹੀਂ ਅਤੇ ਇਸ ਗੱਲ ਵਿੱਚ ਮਹਾਰਾਜ ਆਪਣੀ ਇੱਛਿਆ ਸਾਡੇ ਉੱਤੇ ਪਰਗਟ ਕਰਨ।**

ਅਧਿਆਇ ਤਤਨਈ ਅਤੇ ਉਸ ਦੇ ਸਾਥੀਆਂ ਦਾਰਾ ਨੂੰ ਘੱਲੀ ਗਈ ਰਿਪੋਰਟ ਨਾਲ ਅੱਗੇ ਤੁਰਦਾ ਅਤੇ ਖ਼ਤਮ ਹੁੰਦਾ ਹੈ, ਜਿਸ ਵਿਚ ਯਹੂਦੀਆਂ ਨੂੰ ਪੁੱਛੇ ਗਏ ਸਵਾਲਾਂ ਲਈ ਉਨ੍ਹਾਂ ਦਾ ਜਵਾਬ ਵੀ ਦਿੱਤਾ ਗਿਆ।

**ਆਇਤਾਂ 6, 7.** ਇਨ੍ਹਾਂ ਆਇਤਾਂ ਵਿਚ ਚਿੱਠੀ ਘੱਲਣ ਵਾਲਿਆਂ ਭਾਵ **ਹਾਕਮ ਤਤਨਈ ਤੇ ਸ਼ਥਰ-ਬੋਜ਼ਨਈ ਤੇ ਉਹ ਦੇ ਅਫਰਸਕਾਈ ਸਾਥੀਆਂ** ਦੇ ਨਾਂਅ ਉਨ੍ਹਾਂ ਦੇ ਅਹੁਦਿਆਂ ਨਾਲ ਦਿੱਤੇ ਗਏ। ਉਨ੍ਹਾਂ ਇਹ ਵੀ ਲਿਖਿਆ ਕਿ ਇਹ ਕਿਸ ਦੇ ਨਾਂਅ ਲਿਖੀ ਗਈ, **ਦਾਰਾ ਪਾਤਸ਼ਾਹ ਨੂੰ।** ਸਲਾਮ ਦੁਆ (**ਹਰ ਤਰ੍ਹਾਂ ਦੀ ਸਲਾਮਤੀ ਹੋਵ**) ਵੀ ਲਿਖਿਆ ਗਿਆ ਜੋ ਕਿ ਇਹੋ ਜਿਹੀਆਂ ਚਿੱਠੀਆਂ ਵਿਚ ਆਮ ਮਿਲਦਾ ਸੀ (ਵੇਖੋ 4:17; 7:12)।

**ਆਇਤ 8.** ਚਿੱਠੀ ਦੀ ਸ਼ੁਰੂਆਤ **ਪਾਤਸ਼ਾਹ** ਨੂੰ ਇਹ ਜਾਣਕਾਰੀ ਦੇਣ ਨਾਲ ਹੋਈ ਕਿ ਲਿਖਣ ਵਾਲਿਆਂ ਨੇ ਆਪ ਯਹੂਦੀਆਂ ਦੀ ਉਸਾਰੀ ਵਾਲੀ ਥਾਂ ਨੂੰ ਵੇਖਿਆ ਸੀ ਅਤੇ ਜੋ ਕੁਝ ਹੁਣ ਤਕ ਉਨ੍ਹਾਂ ਬਣਾਉਣ ਵਾਲਿਆਂ ਨੇ ਹਾਸਲ ਕੀਤਾ ਸੀ ਉਸ ਨੂੰ ਇਸ ਦੇ ਨਾਲ ਜੋੜਿਆ। ਇਸ ਵਿਚ ਕਿਹਾ ਗਿਆ ਹੈ ਕਿ ਉਹ **ਮਹਾਂ ਪਰਮੇਸ਼ੁਰ ਦੇ ਭਵਨ** ਨੂੰ ਬਣਾ ਰਹੇ ਸਨ, ਜਿਸ ਦਾ ਅਰਥ ਇਹ ਹੈ ਕਿ ਉਹ ਕੋਈ ਕਿਲ੍ਹਾ ਨਹੀਂ ਬਣਾ ਰਹੇ ਸਨ। ਫ਼ਾਰਸੀ ਅਧਿਕਾਰੀਆਂ ਨੇ ਭਾਵੇਂ ਯਹੋਵਾਹ ਨੂੰ ਮਹਾਂ ਪਰਮੇਸ਼ੁਰ ਆਖਿਆ ਪਰ ਇਹਦਾ ਮਤਲਬ ਇਹ ਨਹੀਂ ਸੀ ਕਿ ਉਹ ਉਸ ਨੂੰ ਸਭ ਦੇਵੀ ਦੇਵਤਿਆਂ ਨਾਲੋਂ ਵੱਡਾ ਮੰਨਦੇ ਸਨ। ਬਲਕਿ ਉਨ੍ਹਾਂ ਨੇ ਉਸ ਨੂੰ ਯਹੂਦੀਆਂ ਦੇ ''ਵੱਡੇ ਦੇਵਤੇ'' ਦੇ ਰੂਪ ਵਿਚ ਵੇਖਿਆ।

ਅਧਿਕਾਰੀਆਂ ਨੇ ਲਿਖਿਆ ਕਿ ਯਹੂਦੀਆਂ ਨੇ **ਕੰਧਾਂ ਵਿਚ ਵੱਡੇ ਵੱਡੇ ਪੱਥਰ ਅਤੇ ਗੇਲੀਆਂ** ਲਾਈਆਂ ਸਨ ਅਤੇ ਉਹ ਕੰਮ ਨੂੰ **ਬੜੇ ਉੱਦਮ ਨਾਲ** ਕਰ ਰਹੇ ਸਨ ਅਤੇ ਹੈਕਲ ਨੂੰ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ **ਸੁਫਲਤਾ** ਪਾ ਰਹੇ ਸਨ। ਅਨੁਵਾਦ ਹੋਏ ਸ਼ਬਦਾਂ ''ਵੱਡੇ ਪੱਥਰਾਂ'' (*'eben g$^{e}$lal*, *ਇਬਨ ਗਲਾਲ*) ਦਾ ਅਰਥ ਮੁਸ਼ਕਿਲ ਹੈ। ਕੀਥ ਐੱਨ. ਸ਼ੋਵਿੱਲ ਨੇ ਨਿਚੋੜ ਕੱਢਿਆ, ''ਇਹ ਤਰਾਸ਼ੇ ਹੋਏ, ਘੜੇ ਗਏ ਪੱਥਰ ਸਨ। ਹੈਕਲ ਦੇ ਪਹਾੜ ਦੀ ਪੱਛਮੀ ਕੰਧ ਵਿਚ ਹੈਰੋਦੇਸ ਮਹਾਨ ਵੱਲੋਂ ਦੂਜੀ ਹੈਕਲ ਦੇ ਬਣਾਏ ਜਾਣ ਤੋਂ ਵੱਡੇ ਵੱਡੇ ਤਰਾਸ਼ੇ ਹੋਏ ਪੱਥਰ ਅੱਜ ਵੀ ਵੇਖੇ ਜਾ ਸਕਦੇ ਹਨ।''[7]

**ਆਇਤਾਂ 9, 10.** ਚਿੱਠੀ ਵਿਚ ਅੱਗੇ ਅਧਿਕਾਰੀਆਂ ਵੱਲੋਂ **ਬਜ਼ੁਰਗਾਂ** (ਯਰੂਸ਼ਲਮ ਵਿਚ ਯਹੂਦੀ ਸਮਾਜ ਦੇ ਆਗੂਆਂ) ਨੂੰ ਪੁੱਛੇ ਗਏ ਸਵਾਲਾਂ ਦੀ ਗੱਲ ਕੀਤੀ ਗਈ। (1) **ਤੁਸੀਂ ਕਿਸ ਦੀ ਆਗਿਆ ਨਾਲ ਏਸ ਭਵਨ ਨੂੰ ਬਣਾਉਂਦੇ ਤੇ ਏਸ ਕੰਧ ਨੂੰ ਪੂਰਾ ਕਰਦੇ ਹੋ?** ਉਨ੍ਹਾਂ ਦੇ ਸਵਾਲ ਦਾ ਮਤਲਬ ਇਹ ਸੀ ਕਿ ਬਿਨਾਂ ਅਜਿਹੇ ਇਖ਼ਤਿਆਰ ਦੇ ਯਹੂਦੀਆਂ ਨੂੰ ਇਸ ਪ੍ਰੋਜੈਕਟ ਵਿਚ ਕੰਮ ਕਰਨ ਦਾ ਕੋਈ ਹੱਕ ਨਹੀਂ ਸੀ।[8] (2) ਉਨ੍ਹਾਂ ਨੇ **ਉਨ੍ਹਾਂ ਦੇ ਨਾਉਂ ਵੀ ਪੁੱਛੇ**। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਪੁੱਛਿਆ, ''ਇਸ ਕੰਮ ਦਾ ਇੰਚਾਰਜ ਕੌਣ ਹੈ?'' ਆਗੂਆਂ ਦੇ ''ਨਾਂ'' ਲਿਖਣੇ ਜ਼ਰੂਰੀ ਸਨ ਤਾਂ ਜੋ ਫ਼ਾਰਸੀ ਰਾਜੇ ਨੂੰ ਪਤਾ ਲਗ ਸਕੇ ਕਿ ਜੇ ਕੰਮ ਅਣਧਿਕਾਰਿਤ ਸੀ ਤਾਂ ਇਸ ਦੀ ਜਵਾਬਦੇਹੀ ਕਿਸ ਦੀ ਸੀ। ਕਿਸੇ ਦਾ ਨਾਂ ਪੁੱਛਣਾ ਅਤੇ ਲਿਖਾਉਣਾ ਡਰਾਉਣ ਵਾਲਾ ਹੋ ਸਕਦਾ ਹੈ, ਕਿਉਂ ਜੋ ਇਸ ਦਾ ਮਤਲਬ ਇਹ ਹੈ ਕਿ ਉਹਦੀ ਸ਼ਿਕਾਇਤ ਹੋਣ ਵਾਲੀ ਹੈ ਅਤੇ ਇਸ ਨਾਲ ਉਸ ਨੂੰ ਡਰਾਇਆ ਜਾ ਸਕਦਾ ਹੈ ਜਾਂ ਸਜ਼ਾ ਮਿਲ ਸਕਦੀ ਹੈ। ਚਿੱਠੀ ਦੀ ਇਸ ਨਕਲ ਵਿਚ ਨਾਂ ਨਹੀਂ ਦਿੱਤੇ ਗਏ। ਸ਼ਾਇਦ ਉਹ ਨਾਂ ਨਾਲ ਨੱਥੀ ਪੇਪੇਰਸ ਵਿਚ ਹੈ ਸਨ।

**ਆਇਤ 11.** ਯਹੂਦੀਆਂ ਦੇ ਜਵਾਬ ਨੂੰ ਮਾਰਕ ਏ. ਥ੍ਰੌਂਟਵੇਟ ਨੇ ''ਧਾਰਮਿਕ ਅਤੇ ਸਿਆਸੀ ਕੂਟਨੀਤੀ ਦਾ ਨਮੂਨਾ'' ਦੱਸਿਆ।[9] ਉਨ੍ਹਾਂ ਨੇ 5:11–16 ਵਿਚ ਹੈਕਲ ਦੇ ਇਤਹਾਸ ਨੂੰ ਸੰਖੇਪ ਵਿਚ ਦੱਸਦਿਆਂ ਸਵਾਲ ਦਾ ਜਵਾਬ ਦਿੱਤਾ।

ਯਹੂਦੀਆਂ ਨੇ ਸ਼ੁਰੂਆਤ ਆਪਣੀ ਆਸਥਾ ਦਾ ਐਲਾਨ **ਧਰਤੀ ਤੇ ਅਕਾਸ਼ ਦੇ ਪਰਮੇਸ਼ੁਰ** ਵਿਚ ਕਰਦਿਆਂ ਕੀਤੀ। ਫ਼ਾਰਸ ਦੇ ਕੁਝ ਝੂਠੇ ਦੇਵਤਿਆਂ ਨੂੰ ਭਾਵੇਂ ਇਸੇ ਤਰ੍ਹਾਂ ਦੇ ਅਜਿਹੇ ਸਿਰਲੇਖਾਂ ਨਾਲ ਸੱਦਿਆ ਜਾਂਦਾ ਸੀ, ਪਰ ਜਿਨ੍ਹਾਂ ਨੇ ਯਹੂਦੀਆਂ ਨੂੰ ਇਹ ਆਖਦੇ ਸੁਣਿਆ ਉਹ ਇਹ ਸਮਝ ਗਏ ਹੋਣਗੇ ਕਿ ਉਹ ਉਸ ਖ਼ੁਦਾ ਤੋਂ ਛੁੱਟ ਜਿਸ ਦੀ ਉਹ ਖ਼ਾਸ ਤੌਰ ਤੇ ਬੰਦਗੀ ਕਰਦੇ ਸਨ (ਯਾਹਵੇਹ), ਕਿਸੇ ਹੋਰ ਦੇਵੀ ਦੇਵਤੇ ਦੀ ਗੱਲ ਨਹੀਂ ਕਰ ਰਹੇ ਸਨ। ਖ਼ੁਦਾ ਦੇ ਲੋਕ ''ਅਕਾਸ਼ ਅਤੇ ਧਰਤੀ'' ਦੀਆਂ ਸਭ ਚੀਜ਼ਾਂ ਦੇ ਹਾਕਮ ਦੇ ਰੂਪ ਵਿਚ ਸਿਰਫ਼ ਓਸੇ ਨੂੰ ਮੰਨਦੇ ਸਨ।

ਬਜ਼ੁਰਗਾਂ ਨੇ ਇਹ ਵੀ ਦੱਸਿਆ ਕਿ ਹੈਕਲ ਨੂੰ **ਇਸਰਾਏਲ ਦੇ ਇੱਕ ਵੱਡੇ ਪਾਤਸ਼ਾਹ ਨੇ ਬਣਾਇਆ** ਸੀ। ਪਹਿਲੀ ਹੈਕਲ ਨੂੰ ਸੁਲੇਮਾਨ ਨੇ ਬਣਵਾਇਆ ਸੀ (1 ਰਾਜਿਆਂ 6:1–38), ਪਰ ਉਹਦਾ ਨਾਂਅ ਨਹੀਂ ਦਿੱਤਾ ਗਿਆ ਕਿਉਂਕਿ ਇਸ ਦਾ ਯਹੂਦੀਆਂ ਤੇ ਸਵਾਲ ਕਰਨ ਵਾਲਿਆਂ ਲਈ ਕੋਈ ਮਤਲਬ ਨਹੀਂ ਹੋਣਾ ਸੀ।

**ਆਇਤ 12.** ਉਨ੍ਹਾਂ ਮੰਨਿਆ ਕਿ **ਭਵਨ** ਨੂੰ **ਨਬੂਕਦਨੱਸਰ** ਨੇ ਉਜਾੜ ਦਿੱਤਾ ਅਤੇ **ਲੋਕਾਂ ਨੂੰ ਬਾਬਲ ਨੂੰ ਲੈ ਗਿਆ**। ਉਨ੍ਹਾਂ ਮੰਨਿਆ ਕਿ ਇਹ ਦੁਖਾਂਤ ਇਸ ਕਰਕੇ ਵਾਪਰਿਆ ਕਿਉਂ ਜੋ ਉਨ੍ਹਾਂ ਦੇ **ਪਿਉ ਦਾਦਿਆਂ** ਨੇ **ਪਰਮੇਸ਼ੁਰ** ਦਾ ਪਾਪ ਕੀਤਾ ਸੀ। 586 ਈ.ਪੂ. ਵਿਚ ਯਰੂਸ਼ਲਮ ਦੀ ਬਰਬਾਦੀ ਨੂੰ ਇੱਥੇ ਖ਼ੁਦਾ ਦਾ ਨਿਆਂ ਦੱਸਿਆ ਗਿਆ ਹੈ (ਇਕ ਧਰਮਸ਼ਾਸਤਰੀ ਨਜ਼ਰੀਆ), ਜਦਕਿ 4:15 ਵਿਚ ਇਸ ਨੂੰ ਆਪਣੇ ਮਾਲਕਾਂ ਨਾਲ ਯਹੂਦੀਆਂ ਦੀ ਬਗ਼ਾਵਤ ਦੀ ਰੌਸ਼ਨੀ ਵਿਚ ਵਿਖਾਇਆ ਗਿਆ ਹੈ (ਨਿਰਾ ਮਨੁੱਖੀ ਨਜ਼ਰੀਆ)।[10] ਥ੍ਰੌਂਟਵੇਟ ਨੇ ਕਿਹਾ ਕਿ ਉਨ੍ਹਾਂ ਦੇ ਜਵਾਬ ਵਿਚ ''ਜਲਾਵਤਨੀ ਅਤੇ ਵਾਪਸੀ ਦੀ ਇਕ ਡੂੰਘੀ ਧਰਮਸ਼ਾਸਤਰੀ ਸਮਝ ਹੈ'' ਅਤੇ ਇਹ ਕਿ ''ਆਪਣੇ ਇਕਰਾਰ ਨਾਲ ਬਜ਼ੁਰਗਾਂ ਨੇ ਇਹ ਵਿਖਾਇਆ ਕਿ ਜਲਾਵਤਨੀ ਦੀ ਕੁਠਾਲੀ ਨੇ ਆਪਣਾ ਮਕਸਦ ਪੂਰਾ ਕੀਤਾ ਹੈ।'' ਭਾਵੇਂ ਨਬੀ ਕਈ ਸਾਲਾਂ ਤਕ ਯਹੂਦਾ ਦੇ ਪਾਪਾਂ ਅਤੇ 586 ਈ.ਪੂ. ਵਾਲੀ ਤਬਾਹੀ ਵਿਚਕਾਰ ਕਾਰਣ ਅਤੇ ਪ੍ਰਭਾਵ ਦੱਸਦੇ ਰਹੇ ਸਨ, ਪਰ ਹੁਣ ਲੋਕਾਂ ਨੇ ਮੰਨਿਆ ਕਿ ''ਉਨ੍ਹਾਂ ਦਾ ਕਸੂਰ ਅਤੇ ਖ਼ੁਦਾ ਦੀ ਸਜ਼ਾ ਦਾ ਨਿਆਂ'' ਸੀ।[11] ਫ਼ਾਰਸੀ ਇੱਥੇ ਯਹੂਦੀਆਂ ਦੀ ਦਲੀਲ ਨੂੰ ਸਮਝ ਗਏ ਹੋਣਗੇ; ਪੁਰਾਣੇ ਜ਼ਮਾਨੇ ਵਿਚ ਜੇ ਲੋਕਾਂ ਨੂੰ ਕੋਈ ਹਾਰ ਮਿਲਦੀ ਤਾਂ ਉਨ੍ਹਾਂ ਦੀ ਬਰਬਾਦੀ ਦਾ ਕਾਰਣ ਉਨ੍ਹਾਂ ਦੇ ਦੇਵਤੇ ਵੱਲੋਂ ਉਨ੍ਹਾਂ ਨੂੰ ਛੱਡ ਦਿੱਤਾ ਜਾਣਾ ਮੰਨਿਆ ਜਾਂਦਾ ਸੀ। (ਉਦਾਹਰਣ ਲਈ ਵੇਖੋ 2 ਰਾਜਿਆਂ 18:25)।

**ਆਇਤਾਂ 13-15.** ਫਿਰ ਬਜ਼ੁਰਗਾਂ ਨੇ ਸਵਾਲ ਦਾ ਸਿੱਧਾ ਜਵਾਬ ਦਿੱਤਾ। ਲੋਕ ਹੈਕਲ ਨੂੰ ਇਸ ਕਰਕੇ ਬਣਾ ਰਹੇ ਸਨ ਕਿਉਂ ਜੋ **ਕੋਰਸ** ਨੇ ਉਨ੍ਹਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੰਦਿਆਂ **ਆਗਿਆ ਦਿੱਤੀ** ਸੀ ਕਿ ਇਸ ਨੂੰ **ਬਣਾਇਆ ਜਾਵੇ**। ਅਸਲ ਵਿਚ ਕੋਰਸ ਨੇ ਕੀਮਤੀ **ਭਾਂਡਿਆਂ** ਨੂੰ ਮੋੜ ਦਿੱਤਾ ਸੀ ਜਿਹੜੇ ਬਾਬਲ ਦੇ ਲੋਕ **ਹੈਕਲ** ਨੂੰ ਬਰਬਾਦ ਕਰ ਵੇਲੇ ਉਸ ਵਿੱਚੋਂ ਕੱਢ ਲਿਆਏ ਸਨ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ ਸੀ ਕਿ ਉਨ੍ਹਾਂ **ਭਾਂਡਿਆਂ** ਨੂੰ **ਯਰੂਸ਼ਲਮ ਦੀ ਹੈਕਲ** ਬਣਨ ਤੇ ਉਸ ਵਿਚ ਰੱਖ ਦਿੱਤਾ ਜਾਵੇ (ਵੇਖੋ 1:1–11)।

**ਆਇਤ 16.** ਚਿੱਠੀ ਵਿਚ ਕਿਹਾ ਗਿਆ ਕਿ ਲੋਕ ਕੋਰਸ ਦੇ ਹੁਕਮ ਨਾਲ ਵਾਪਸ ਜਾ ਕੇ ਹੈਕਲ ਨੂੰ ਬਣਾ ਰਹੇ ਸਨ, ਭਾਵੇਂ ਉਹਨੂੰ ਬਣਾਏ ਜਾਣ ਦਾ ਕੰਮ **ਅਜੇ ਪੂਰਾ ਨਹੀਂ ਹੋਇਆ** ਸੀ। ਯਹੂਦੀਆਂ ਦੇ ਦਾਅਵੇ ਨੂੰ ਕਿ **ਉਸ ਵੇਲੇ ਤੋਂ ਹੁਣ ਤਾਂਈ ਉਹ ਬਣ ਰਿਹਾ ਹੈ** ਵਧਾਅ ਚੜ੍ਹਾਅ ਕੇ ਕਹੇ ਗਏ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ, ਕਿਉਂ ਜੋ ਹੈਕਲ ਦਾ ਕੰਮ ਕਈ ਸਾਲਾਂ ਤੋਂ ਬੰਦ ਸੀ। ਜਾਂ ਹੋ ਸਕਦਾ ਹੈ ਕਿ ਜਵਾਬ ਸਿਰਫ਼ ਇਹ ਕਹਿਣ ਦਾ ਇਕ ਤਰੀਕਾ ਹੋਵੇ ਕਿ ''ਕੰਮ ਉਦੋਂ ਸ਼ੁਰੂ ਹੋਇਆ ਸੀ ਅਤੇ ਅੱਜ ਤਕ ਚੱਲੀ ਜਾ ਰਿਹਾ ਹੈ।''

ਇਸ ਰਿਪੋਰਟ ਵਿਚ **ਸ਼ੇਸ਼ਬੱਸਰ** ਨੂੰ ''ਹਾਕਮ'' ਦੱਸਿਆ ਗਿਆ ਹੈ ਜਿਸ ਦੇ ਸਪੁਰਦ ਹੈਕਲ ਦੇ ਸੋਨੇ ਦੇ ਭਾਂਡੇ ਕੀਤੇ ਗਏ ਸਨ ਅਤੇ ਜਿਸ ਨੇ ਹੈਕਲ ਦੀ **ਨੀਉਂ ਧਰੀ** ਸੀ। ਇਹ ਅਹਿਮ ਹੋ ਸਕਦਾ

ਹੈ ਕਿ ਇਹ ਵੇਰਵਾ ਸੁਣਿਆ ਸੁਣਿਆ, ਭਾਵ ਫ਼ਾਰਸੀ ਅਧਿਕਾਰੀਆਂ ਵੱਲੋਂ ਯਹੂਦੀ ਆਗੂਆਂ ਵਿੱਚੋਂ ਕਿਸੇ ਨੂੰ ਇਹ ਆਖਦਿਆਂ ਸੁਣਿਆ ਕਿ ਪੰਦਰਾਂ ਤੋਂ ਵੱਧ ਸਾਲ ਪਹਿਲਾਂ ਕੀ ਕੀ ਹੋਇਆ ਸੀ (ਜਾਂ ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਨੇ ਸੁਣੀ ਸੀ)।

5:11−16 ਦੇ ਸਬੰਧ ਵਿਚ ਐੱਚ. ਜੀ. ਐੱਮ. ਵਿਲੀਅਮਸਨ ਨੇ ਦੱਸਿਆ ਹੈ ਕਿ ਤਤਨਈ ਨੂੰ ਯਹੂਦੀਆਂ ਦਾ ਜਵਾਬ ਉਸ ਦੀ ਮੰਜ਼ੂਰੀ ਲੈਣ ਲਈ ਤਿਆਰ ਕੀਤਾ ਗਿਆ ਸੀ। ਉਨ੍ਹਾਂ ਨੇ ''ਪਹਿਲੀ ਹੈਕਲ ਦੇ ਵਜੂਦ ਅਤੇ ਕਈ ਸਾਲ ਪਹਿਲਾਂ ਬਣਾਉਣ ਦੀ ਮੰਜ਼ੂਰੀ ਦੇਣ ਦੇ ਕੋਰਸ ਦੀ ਪਰਵਾਨਗੀ ਨਾਲ'' ਇਸ ਕੰਮ ਦੇ ਚੱਲਦੇ ਰਹਿਣ ਤੇ ਜ਼ੋਰ ਦਿੱਤਾ।[12]

**ਆਇਤ 17.** ਚਿੱਠੀ ਤਤਨਈ ਅੱਗੇ ਇਕ ਬੇਨਤੀ ਕਰਨ ਨਾਲ ਖ਼ਤਮ ਹੋਈ ਕਿ **ਬਾਬਲ** ਦੇ ਇਤਹਾਸ ਪੁਰਾਲੇਖਾਂ ਵਿਚ **ਪੜਤਾਲ ਕੀਤੀ ਜਾਵੇ** ਕਿ **ਕੋਰਸ** ਨੇ ਸਚਮੁਚ ਹੈਕਲ ਦੇ ਬਣਾਏ ਜਾਣ ਦੀ ਇਜਾਜ਼ਤ ਦਿੱਤੀ ਸੀ ਜਾਂ ਨਹੀਂ। ਤਤਨਈ ਨੂੰ ਸਿਰਫ਼ ਤਾਂ ਹੀ ਪਤਾ ਲਗ ਸਕਦਾ ਸੀ ਕਿ ਯਹੂਦੀਆਂ ਦੇ ਇਸ ਪ੍ਰੋਜੈਕਟ ਚੱਲਦੇ ਰਹਿਣ ਦੇਣਾ ਹੈ ਜਾਂ ਨਹੀਂ।

ਪਾਠਕ ਨੂੰ ਇਸ ਸ਼ਸ਼ੋਪੰਜ ਵਿਚ ਛੱਡ ਕੇ ਕਿ ਰਾਜੇ ਨੇ ਪੜਤਾਲ ਦੀ ਬੇਨਤੀ ਨੂੰ ਮੰਨਣਾ ਸੀ ਜਾਂ ਨਹੀਂ ਅਤੇ ਜੇ ਉਹ ਮੰਨ ਲੈਂਦਾ ਤਾਂ ਇਸ ਦਾ ਨਤੀਜਾ ਕੀ ਹੋਣਾ ਸੀ, ਅਧਿਆਇ ਇਸ ਬੇਨਤੀ ਨਾਲ ਖ਼ਤਮ ਹੋ ਜਾਂਦਾ ਹੈ।[13] ਅਧਿਆਇ 6 ਉਨ੍ਹਾਂ ਸਵਾਲਾਂ ਦੇ ਜਵਾਬ ਦਿੰਦਾ ਹੈ।

## ਪ੍ਰਾਸੰਗਿਕਤਾ

**ਕੰਮ ਅਤੇ ਸਮਝ** (**ਅਧਿਆਇ** 5)

ਪਿਛਲੇ ਪੰਦਰਾਂ ਸਾਲਾਂ ਦੇ ਆਪਣੇ ਰਿਕਾਰਡ ਦੇ ਅਧਾਰ ਤੇ, ਸੂਬੇ ਦੇ ਹਾਕਮ ਵੱਲੋਂ ਇਹ ਪੁੱਛੇ ਜਾਣ ਤੇ ਕਿ ਉਨ੍ਹਾਂ ਨੂੰ ਇਸ ਕੰਮ ਨੂੰ ਕਰਨ ਦੀ ਇਜਾਜ਼ਤ ਕਿਸ ਨੇ ਦਿੱਤੀ, ਯਹੂਦੀ ਲੋਕ ਡਰ ਨਾਲ ਕੰਬ ਕੇ ਆਪਣੇ ਕੰਮ ਨੂੰ ਫੇਰ ਤੋਂ ਬੰਦ ਕਰਨ ਦੀ ਉਮੀਦ ਕਰਦੇ ਹੋਣਗੇ (5:3, 10)। ਪਰ ਉਹ ਡਰੇ ਨਹੀਂ। ਉਨ੍ਹਾਂ ਨੇ ਕੰਮ ਕਰਦੇ ਰਹਿਣ ਦਾ ਤਹੱਈਆ ਕੀਤਾ ਸੀ। ਉਨ੍ਹਾਂ ਨੂੰ ਜਗਤ ਦੇ ਪ੍ਰਭੂ ਵੱਲੋਂ ਹੈਕਲ ਨੂੰ ਬਣਾਉਣ ਦਾ ਨਿਰਦੇਸ਼ ਤਾਂ ਮਿਲਿਆ ਹੀ ਸੀ, ਫ਼ਾਰਸੀ ਹਕੂਮਤ ਦੇ ਹਾਕਮ ਨੇ ਵੀ ਉਨ੍ਹਾਂ ਦੇ ਕੰਮ ਨੂੰ ਪ੍ਰਵਾਨਗੀ ਦਿੱਤੀ। ਉਨ੍ਹਾਂ ਨੇ ਅਧਿਕਾਰੀਆਂ ਦੇ ਸਵਾਲਾਂ ਦਾ ਜਵਾਬ ਬੜੀ ਹਲੀਮੀ ਨਾਲ ਦਿੱਤਾ, ਪਰ ਹੈਕਲ ਨੂੰ ਬਣਾਉਣ ਦਾ ਆਪਣਾ ਕੰਮ ਕਰਦੇ ਰਹੇ (5:4, 5)।

ਕਲੀਸੀਆ ਦੀਆਂ ਕੋਸ਼ਿਸ਼ਾਂ ਲਈ ਕੰਮ ਅਤੇ ਸਮਝ ਬਿਲਕੁਲ ਸਹੀ ਮੇਲ ਹਨ। ਆਪਣੇ ਪਿਤਾ ਦੇ ਕੰਮ ਨੂੰ ਕਰਦਿਆਂ (ਵੇਖੋ ਲੂਕਾ 2:49; KJV))। ਸਾਨੂੰ ਕਾਨੂੰਨੀ ਸ਼ਰਤਾਂ ਨੂੰ ਪੂਰਿਆਂ ਕਰਨਾ ਅਤੇ ਅੜਚਨਾਂ ਨੂੰ ਹਲੀਮੀ ਨਾਲ ਦੂਰ ਕਰਨਾ ਜ਼ਰੂਰੀ ਹੈ। ਪਰ ਸਾਨੂੰ ਚਾਹੀਦਾ ਹੈ ਕਿ ਰੂਹਾਂ ਨੂੰ ਬਚਾਉਣ ਅਤੇ ਕਲੀਸੀਆ ਨੂੰ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਕਿਸੇ ਵੀ ਚੀਜ਼ ਨੂੰ ਅੜਚਨ ਨਾ ਬਣਨ ਦਈਏ।

**ਵਿਰੋਧ ਦਾ ਜਵਾਬ** (**ਅਧਿਆਇ** 5)

ਅਜ਼ਰਾ ਦਾ ਤੀਜਾ ਅਧਿਆਇ ਵੱਡਾ ਅਨੰਦ ਕੀਤੇ ਜਾਣ ਨਾਲ ਮੁੱਕਦਾ ਹੈ ਕਿਉਂ ਜੋ ਹੈਕਲ ਦੀ ਬੁਨਿਆਦ ਕਾਮਯਾਬੀ ਨਾਲ ਰੱਖੀ ਗਈ ਸੀ! ਫਿਰ ਚੌਥਾ ਅਧਿਆਇ ਦੱਸਦਾ ਹੈ ਕਿ ਯਹੂਦੀਆਂ ਦੇ ਦੁਸ਼ਮਣਾਂ ਦੇ ਵਿਰੋਧ ਕਰਕੇ ਹੈਕਲ ਨੂੰ ਬਣਾਏ ਜਾਣ ਦਾ ਕੰਮ ਕਿਵੇਂ ਰੁਕ ਗਿਆ। ਫਿਰ ਤਕਰੀਬਨ ਪੰਦਰਾਂ ਸਾਲਾਂ ਤਕ, ਉਨ੍ਹਾਂ ਦੀਆਂ ਯੋਜਨਾਵਾਂ ਦੀ ਨਾਕਾਮੀ ਦੀ ਮੂਕ ਗਵਾਹ ਨੀਂਹ ਉੱਥੇ ਹੀ ਪਈ ਰਹੀ। ਪਰ ਹਾਲਾਤ ਇਵੇਂ ਹੀ ਨਹੀਂ ਰਹੇ ਅਧਿਆਇ 5 ਅਤੇ 6 ਵਿਚ ਅਜ਼ਰਾ ਨੇ ਲਿਖਿਆ ਕਿ

ਅਖ਼ੀਰ ਵਿਚ ਹੈਕਲ ਨੂੰ ਬਣਾਏ ਜਾਣ ਦਾ ਕੰਮ ਕਿਵੇਂ ਸਿਰੇ ਚੜ੍ਹਿਆ। ਨਾਕਾਮੀ ਦੀ ਕਹਾਣੀ ਦਾ ਅੰਤ ਕਾਮਯਾਬੀ ਨਾਲ ਹੋਇਆ!

ਉਹ ਕਾਮਯਾਬੀ ਕਿਵੇਂ ਮਿਲੀ? ਆਮ ਅਰਥ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੰਮ ਨੂੰ ਬੰਦ ਕਰਨ ਦੀ ਪ੍ਰਕਿਰਿਆ ਨੂੰ ਉਲਟਾਏ ਜਾਣ ਨਾਲ। ਖ਼ੁਦਾ ਨੇ ਯਹੂਦੀਆਂ ਨੂੰ ਉਸ ਵਿਰੋਧ ਉੱਤੇ ਹਾਵੀ ਹੋਣ ਲਈ ਆਖਿਆ ਜਿਸ ਕਰਕੇ ਪਹਿਲਾਂ ਉਹ ਹਾਰੇ ਸਨ। ਇਹ ਕਿਵੇਂ ਹੋਇਆ?

*ਦੋ ਨਬੀਆਂ ਨੇ ਡਰ ਅਤੇ ਨਿਰਾਸ਼ਾ ਉੱਤੇ ਕਾਬੂ ਪਾਉਣ ਵਿਚ ਮਦਦ ਕੀਤੀ।* ਹੈਕਲ ਨੂੰ ਬਣਾਏ ਜਾਣ ਦਾ ਕੰਮ ਡਰ ਅਤੇ ਨਿਰਾਸ਼ਾ ਕਰਕੇ ਬੰਦ ਹੋਇਆ ਸੀ (4:4)। ਪਰ 5:1, 2 ਵਿਚ ਅਸੀਂ ਵੇਖਦੇ ਹਾਂ ਕਿ ਹੱਜਈ ਅਤੇ ਜ਼ਕਰਯਾਹ ਨਾਮਕ ਦੋ ਨਬੀਆਂ ਨੇ ਲੋਕਾਂ ਨੂੰ ਆਪਣੇ ਕੰਮ ਨੂੰ ਫੇਰ ਤੋਂ ਕਰਨ ਲਈ ਪ੍ਰੇਰਿਆ।

ਨਬੀਆਂ ਨੇ ਕੀ ਪ੍ਰਚਾਰ ਕੀਤਾ ਜਿਸ ਨਾਲ ਯਹੂਦੀ ਹੈਕਲ ਨੂੰ ਫੇਰ ਤੋਂ ਬਣਾਉਣ ਲਈ ਤਿਆਰ ਹੋ ਗਏ? ਇਨ੍ਹਾਂ ਦੋ ਨਬੀਆਂ ਦਾ ਅਸਲ ਵਿਚ ਬੁਨਿਆਦੀ ਤੌਰ ਤੇ ਇੱਕੋ ਟੀਚਾ ਸੀ ਕਿ ਯਹੂਦੀਆਂ ਨੂੰ ਹੈਕਲ ਨੂੰ ਬਣਾਉਣ ਲਈ ਤਿਆਰ ਕਰਨਾ ਹੈ। ਇੱਕੋ ਟੀਚੇ ਨੂੰ ਹਾਸਲ ਕਰਨ ਲਈ ਉਨ੍ਹਾਂ ਨੇ ਵੱਖੋ ਵੱਖ ਤਰੀਕਿਆ ਦੀ ਵਰਤੋਂ ਕੀਤੀ। ਅੱਡੋ ਅੱਡ ਅਤੇ ਇਕੱਠਿਆਂ, ਉਨ੍ਹਾਂ ਨੇ ਇਕ ਸੰਦੇਸ਼ ਸੁਣਾਇਆ ਜਿਸ ਨਾਲ ਡਰ ਅਤੇ ਨਿਰਾਸ਼ਾ ਦੀਆਂ ਯਹੂਦੀਆਂ ਦੀਆਂ ਮੁਸ਼ਕਿਲਾਂ ਹੱਲ ਹੋ ਗਈਆਂ।

1. ਹੱਜਈ: ਡਰ ਜਾਂ ਮੁਕਾਬਲਾ ਕਰਨ ਲਈ ਹੁਕਮ ਮੰਨਣਾ। ਹੱਜਈ ਦਾ ਤਰੀਕਾ ਸਿੱਧਾ ਸੀ ਕਿ ਉਸ ਨੇ ਹੁਕਮ ਮੰਨੇ ਜਾਣ ਦੀ ਲੋੜ ਦਾ ਪ੍ਰਚਾਰ ਕੀਤਾ। ਅਜਿਹਾ ਕਰਕੇ ਉਸ ਨੇ ਯਹੂਦੀਆਂ ਦੇ ਡਰ ਉੱਤੇ ਕਾਬੂ ਪਾਉਣ ਵਿਚ ਮਦਦ ਕੀਤੀ ਜਿਸ ਨਾਲ ਉਹ ਨਕਾਰਾ ਹੋ ਗਏ ਸਨ। ਉਸ ਨੇ ਕਿਹਾ ਕਿ ਯਹੂਦੀ ਆਖ ਰਹੇ ਸਨ ਕਿ ਯਹੋਵਾਹ ਦਾ ਘਰ ਬਣਾਉਣ ਦਾ ਅਜੇ ਸਮਾਂ ਨਹੀਂ ਆਇਆ, ਭਾਵੇਂ ਉਨ੍ਹਾਂ ਨੇ ਆਪਣੇ ਲਈ ਵਧੀਆ ਘਰ ਬਣਾ ਲਏ ਸਨ (ਹੱਜਈ 1:2–4)। ਫਿਰ ਉਸ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਨੇ ਆਪਣੇ ਕੰਮ ਲਈ ਖ਼ੁਦਾ ਦੇ ਕੰਮ ਨੂੰ ਪਿੱਛੇ ਛੱਡਿਆ ਸੀ ਇਸ ਕਰਕੇ ਉਨ੍ਹਾਂ ਦੇ ਕੰਮ ਵਿਚ ਨੁਕਸਾਨ ਹੋਇਆ ਅਤੇ ਉਹ ਨੁਕਸਾਨ ਹੁੰਦਾ ਰਹਿਣਾ ਸੀ (ਹੱਜਈ 1:5, 6)। ਇਸ ਕਰਕੇ ਉਸ ਨੇ ਉਨ੍ਹਾਂ ਨੂੰ ਆਖਿਆ, ‘‘ਪਹਾੜ ਉੱਤੇ ਚੜ੍ਹੋ, ਲੱਕੜੀ ਲਿਆਓ, ਏਸ ਭਵਨ ਨੂੰ ਬਣਾਓ ਭਈ ਮੈਂ ਉਸ ਤੋਂ ਪਰਸੰਨ ਹੋਵਾਂ ਅਤੇ ਮੇਰੀ ਵਡਿਆਈ ਹੋਵੇ, ਯਹੋਵਾਹ ਕਹਿੰਦਾ ਹੈ’’ (ਹੱਜਈ 1:8)। ਵਿਚ ਵਿਚ ਕੋਈ ਵੀ ਡੂੰਘੀ ਗੱਲ ਨਹੀਂ। ਸੰਦੇਸ਼ ਇਹ ਸੀ ਕਿ ‘‘ਤੋਬਾ ਕਰੋ! ਹੁਕਮ ਮੰਨੋ! ਹੈਕਲ ਨੂੰ ਬਣਾਓ! ਤੁਹਾਡੇ ਅਜਿਹਾ ਨਾ ਕਰ ਸਕਣ ਕਰਕੇ ਖ਼ੁਦਾ ਨੇ ਦੇਸ਼ ਨੂੰ ਸਰਾਪ ਦਿੱਤਾ ਹੈ।’’

ਬਾਅਦ ਵਿਚ ਹੱਜਈ ਨੇ ਲੋਕਾਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਗੱਲਾਂ ਕੀਤੀਆਂ, ਪਰ ਇੱਥੇ ਉਸ ਦਾ ਸੰਦੇਸ਼ ਤਾੜਨਾ ਦੇਣ ਵਾਲਾ ਸੀ: ‘‘ਹਾਲਾਤ ਭਾਵੇਂ ਜਿਹੋ ਜਿਹੇ ਵੀ ਹੋਣ, ਤੁਸੀਂ ਖ਼ੁਦਾ ਦਾ ਹੁਕਮ ਮੰਨੋ!’’ ਇਹ ਵਿਚਾਰ ਕਿ ਖ਼ੁਦਾ ਨੇ ਉਸ ਦੀ ਇੱਛਾ ਨੂੰ ਨਾ ਮੰਨਣ ਵਾਲਿਆਂ ਨੂੰ ਸਰਾਪ ਦਿੱਤਾ ਹੈ ਅਤੇ ਸਰਾਪ ਖ਼ੁਦਾ ਦੇ ਕੰਮ ਨੂੰ ਕਰਨ ਤੋਂ ਬਹੁਤ ਡਰਨ ਵਾਲੇ ਕਿਸੇ ਲਈ ਵੀ ਇਲਾਜ ਹੋਣਾ ਚਾਹੀਦਾ!

ਲੋਕਾਂ ਨੇ ਕਿਵੇਂ ਜਵਾਬ ਦਿੱਤਾ? ਹੱਜਈ 1:12 ਸਾਨੂੰ ਦੱਸਦਾ ਹੈ:

> ਤਦ ਸ਼ਅਲਤੀਏਲ ਦੇ ਪੁੱਤਰ ਜ਼ਰੁੱਬਾਬਲ ਅਤੇ ਯਹੋਸਾਦਾਕ ਦੇ ਪੁੱਤਰ ਯਹੋਸ਼ੁਆ ਮਹਾ ਜਾਜਕ ਅਤੇ ਲੋਕਾਂ ਦੇ ਸਾਰੇ ਬਕੀਏ ਨੇ ਆਪਣੇ ਪਰਮੇਸ਼ੁਰ ਯਹੋਵਾਹ ਦੀ ਅਵਾਜ਼ ਨੂੰ ਅਤੇ ਆਪਣੇ ਪਰਮੇਸ਼ੁਰ ਯਹੋਵਾਹ ਦੇ ਘੱਲੇ ਹੋਏ ਨਬੀ ਹੱਜਈ ਦੀਆਂ ਗੱਲਾਂ ਨੂੰ ਗੌਹ ਨਾਲ *ਸੁਣਿਆ* ਅਤੇ ਲੋਕ ਯਹੋਵਾਹ ਦੇ ਅੱਗੋਂ *ਡਰੇ* (ਜ਼ੋਰ ਦਿੱਤਾ ਗਿਆ ਹੈ)।

‘‘ਪ੍ਰੇਮ ਵਿਚ ਧੜਕਾ ਨਹੀਂ’’ (1 ਯੂਹੰਨਾ 4:18)। ਪਰ ਖ਼ੁਦਾ ਦਾ ਖ਼ੌਫ਼, ਭਾਵ ਖ਼ੁਦਾ ਅਤੇ ਉਸ ਦੇ ਵਚਨ ਵਿਚ ਆਸਥਾ ਅਤੇ ਉਸ ਦਾ ਆਦਰ ਡਰ ਨੂੰ ਕੱਢ ਕੇ ਹੁਕਮ ਮੰਨਣ ਲਈ ਤਿਆਰ ਕਰੇਗਾ।

ਜੇ ਅਸੀਂ ਖ਼ੁਦਾ ਦਾ ਖ਼ੌਫ਼ ਸਿੱਖਣਾ ਹੋਵੇ (ਉਪਦੇਸ਼ਕ 12:13), ਤਾਂ ਸਾਨੂੰ ਕਿਸੇ ਵੀ ਵਿਅਕਤੀ ਜਾਂ ਵਸਤੂ ਤੋਂ ਡਰਨ ਦੀ ਲੋੜ ਨਹੀਂ ਹੋਵੇਗੀ (ਲੂਕਾ 12:4, 5)।

2. ਜ਼ਕਰਯਾਹ: ਨਿਰਾਸ਼ਾ ਨੂੰ ਦੂਰ ਕਰਨ ਲਈ ਤਸੱਲੀ। ਜ਼ਕਰਯਾਹ ਨੇ ਇਕ ਫ਼ਰਕ ਢੰਗ ਅਪਣਾਇਆ। ਉਸ ਨੇ ਤਸੱਲੀ ਦੀਆਂ ਗੱਲਾਂ ਨਾਲ ਯਹੂਦੀਆਂ ਨੂੰ ਉਨ੍ਹਾਂ ਦੀ ਨਿਰਾਸ਼ਾ ਵਿੱਚੋਂ ਨਿੱਕਲਣ ਵਿਚ ਮਦਦ ਕੀਤੀ।

ਯਹੂਦਾ ਦੀ ਬਗ਼ਾਵਤ ਦੇ ਇਤਹਾਸ ਦੀ ਅਫ਼ਸੋਸਨਾਕ ਕਹਾਣੀ ਤੇ ਵਿਚਾਰ ਕਰਨ ਤੋਂ ਬਾਅਦ (ਜ਼ਕਰਯਾਹ 1:2–6), ਜ਼ਕਰਯਾਹ ਨੇ ਇਕ ਤੋਂ ਬਾਅਦ ਇਕ ਦਰਸ਼ਨਾਂ ਦੀ ਗੱਲ ਕੀਤੀ ਜਿਨ੍ਹਾਂ ਵਿਚ ''ਚੰਗੇ ਅਤੇ ਦਿਲਾਸੇ ਦੇ ਸ਼ਬਦ'' ਸਨ (ਜ਼ਕਰਯਾਹ 1:13)। ਉਸ ਨੇ ਯਹੋਵਾਹ ਦੇ ਇਨ੍ਹਾਂ ਸ਼ਬਦਾਂ ਨੂੰ ਸੁਣਾਇਆ: ''ਮੈਂ ਰਹਮ ਨਾਲ ਯਰੂਸ਼ਲਮ ਨੂੰ ਮੁੜ ਆਇਆ ਹਾਂ। ਮੇਰਾ ਭਵਨ ਏਸ ਵਿੱਚ ਉਸਾਰਿਆ ਜਾਵੇਗਾ। ... ਮੇਰੇ ਨਗਰ ਫੇਰ ਪਦਾਰਥਾਂ ਨਾਲ, ਉੱਛਲਣਗੇ, ਯਹੋਵਾਹ ਫੇਰ ਸਿਓਨ ਨੂੰ ਤਸੱਲੀ ਦੇਵੇਗਾ ਅਰ ਯਰੂਸ਼ਲਮ ਨੂੰ ਫੇਰ ਚੁਣੇਗਾ'' (ਜ਼ਕਰਯਾਹ 1:16, 17)। ਹੱਜਈ ਨੇ ਜਿੱਥੇ ਹੁਕਮ ਨਾ ਮੰਨਣ ਦੇ ਤਬਾਹਕੁਨ ਨਤੀਜਿਆਂ ਤੇ ਜ਼ੋਰ ਦਿੱਤਾ ਉੱਥੇ ਹੀ ਜ਼ਕਰਯਾਹ ਨੇ ਖ਼ੁਦਾ ਦੇ ਤਸੱਲੀ ਦੇਣ ਵਾਲੇ ਵਾਅਦਿਆਂ ਉੱਤੇ ਜ਼ੋਰ ਦਿੱਤਾ।

ਅਸੀਂ ਨਿਰਾਸ਼ਾ ਉੱਤੇ ਕਾਬੂ ਕਿਵੇਂ ਪਾ ਸਕਦੇ ਹਾਂ? ਇਕ ਤਰੀਕਾ ਖ਼ੁਦਾ ਦੇ ਬੇਸ਼ਕੀਮਤੀ ਵਾਅਦਿਆਂ ਨੂੰ ਯਾਦ ਰੱਖਣਾ ਹੈ। ਖ਼ੁਦਾ ਦੇ ਸੰਤਾਂ ਨੂੰ ਇਨ੍ਹਾਂ ਵਾਅਦਿਆਂ ਵਿਚ ਤਸੱਲੀ ਮਿਲ ਸਕਦੀ ਹੈ (ਉਦਾਹਰਣ ਲਈ ਵੇਖੋ 1 ਥੱਸਲੁਨੀਕੀਆਂ 4:13–18)। ਖ਼ੁਦਾ ਦੀ ਸ਼ਕਤੀ ਨਾਲ ਡਰ ਅਤੇ ਨਿਰਾਸ਼ਾ ਉੱਤੇ ਕਾਬੂ ਪਾ ਕੇ ਲੋਕ ਹੈਕਲ ਨੂੰ ਬਣਾਉਣ ਲਈ ਵਾਪਸ ਜਾ ਸਕੇ।

ਇਨ੍ਹਾਂ ਦੋਹਾਂ ਨਬੀਆਂ ਦੇ ਕੰਮ ਅਤੇ ਗੱਲਾਂ ਤੋਂ ਅਸੀਂ ਕੁਝ ਪ੍ਰਸੰਗਕ ਸ਼ਬਦ ਸਿੱਖ ਸਕਦੇ ਹਾਂ। (1) ਖ਼ੁਦਾ ਦੇ ਨੁਮਾਇੰਦੇ ਵੱਖੋ ਵੱਖ ਤਰੀਕਿਆਂ ਨਾਲ ਇੱਕੋ ਹੀ ਟੀਚੇ ਨੂੰ ਹਾਸਲ ਕਰਨਾ ਚਾਹ ਸਕਦੇ ਹਨ। ਉਦਾਹਰਣ ਲਈ ਇਹ ਢੁਕਵੀਂ ਗੱਲ ਹੈ ਕਿ ਇਕ ਪ੍ਰਚਾਰਕ ਖ਼ੁਦਾ ਦੇ ਨਿਆਂ ਉੱਤੇ ਜ਼ੋਰ ਦਵੇ, ਅਤੇ ਕੋਈ ਹੋਰ ਉਸ ਦੇ ਤਰਸ; ਜਾਂ ਉਹੀ ਪ੍ਰਚਾਰਕ ਇੱਕੋ ਵੇਲੇ ਕ੍ਰੋਧ ਉੱਤੇ ਜ਼ੋਰ ਦਵੇਂ ਅਤੇ ਕਿਸੇ ਹੋਰ ਵੇਲੇ ਤਰਸ ਉੱਤੇ ਜ਼ੋਰ ਦਵੇ। (2) ਅੱਜ ਜਦ ਖ਼ੁਦਾ ਦਾ ਕੰਮ ਰੁਕ ਜਾਂਦਾ ਹੈ ਤਾਂ ਖ਼ੁਦਾ ਆਪਣੇ ਲੋਕਾਂ ਨੂੰ ਤੋਬਾ ਕਰਕੇ ਫੇਰ ਤੋਂ ਕੰਮ ਵਿਚ ਲਗ ਜਾਣ ਵਿਚ ਆਖਣ ਲਈ ਨੁਮਾਇੰਦਿਆਂ ਨੂੰ ਵਰਤਦਾ ਹੈ। ਅਜਿਹਾ ਪ੍ਰਚਾਰਕ ਕੌਣ ਹੋਵੇਗਾ? (3) ਖ਼ੁਦਾ ਦੇ ਲੋਕਾਂ ਲਈ ਉਹਦੇ ਨੁਮਾਇੰਦਿਆਂ ਦੀ ਸੁਣ ਕੇ ਉਨ੍ਹਾਂ ਦੀ ਅਪੀਲ ਨੂੰ ਸਕਾਰਾਤਮਕ ਢੰਗ ਨਾਲ ਮੰਨਣਾ ਜ਼ਰੂਰੀ ਹੈ। ਅਜਿਹੇ ਸੁਣਨ ਵਾਲੇ ਕੌਣ ਹੋਣਗੇ?[14]

*ਲੋਕਾਂ ਨੇ ਕੰਮ ਅਤੇ ਸਮਝ ਨਾਲ ਜਵਾਬ ਦਿੱਤਾ।* ਉਸਾਰੀ ਦਾ ਕੰਮ ਸ਼ੁਰੂ ਹੋਣ ਦੇ ਨਾਲ ਮੁਸ਼ਕਿਲਾਂ ਵੀ ਸ਼ੁਰੂ ਹੋ ਗਈਆਂ। ਸੂਬੇ ਦਾ ਹਾਕਮ ਆਣ ਕੇ ਪੁੱਛਣ ਲੱਗਾ ਕਿ ਇਸ ਕੰਮ ਦਾ ਇਖ਼ਤਿਆਰ ਕਿਸ ਨੇ ਦਿੱਤਾ ਅਤੇ ਇਸ ਉਸਾਰੀ ਦਾ ਇੰਚਾਰਜ ਕੌਣ ਹੈ (5:3, 10)। ਸਾਨੂੰ ਉਮੀਦ ਹੋ ਸਕਦੀ ਹੈ ਕਿ ਯਹੂਦੀ ਲੋਕ ਆਪਣੇ ਪਿਛਲੇ ਪੰਦਰਾਂ ਸਾਲਾਂ ਦੇ ਤਜਰਬੇ ਦੇ ਅਧਾਰ ਤੇ ਇਸ ਪੁੱਛ–ਗਿੱਛ ਤੋਂ ਡਰ ਕੇ ਆਪਣਾ ਕੰਮ ਬੰਦ ਕਰ ਦੇਣਗੇ, ਪਰ ਉਹ ਡਰੇ ਨਹੀਂ ਸਨ। ਉਨ੍ਹਾਂ ਨੇ ਅਧਿਕਾਰੀਆਂ ਦੇ ਸਵਾਲਾਂ ਦਾ ਜਵਾਬ ਬੜੀ ਦਲੇਰੀ ਨਾਲ ਦਿੱਤਾ, ਪਰ ਹੈਕਲ ਨੂੰ ਬਨਾਉਣ ਦਾ ਕੰਮ ਕਰਦੇ ਰਹੇ। ਅਸੀਂ ਪੜ੍ਹਦੇ ਹਾਂ,

> ਤਦ ਅਸੀਂ ਉਨ੍ਹਾਂ ਨੂੰ ਐਉਂ ਵੀ ਦੱਸ ਦਿੱਤਾ ਭਈ ਜਿਹੜੇ ਲੋਕ ਏਸ ਮਕਾਨ ਨੂੰ ਬਣਾ ਰਹੇ ਹਨ ਓਨ੍ਹਾਂ ਦੇ ਕੀ ਨਾਂ ਹਨ।[15] ਪਰ ਪਰਮੇਸ਼ੁਰ ਦੀ ਨਿਗਾਹ ਯਹੂਦੀ ਬਜ਼ੁਰਗਾਂ ਉੱਤੇ ਸੀ ਅਤੇ ਉਨ੍ਹਾਂ ਨੇ ਓਨ੍ਹਾਂ ਨੂੰ ਨਾ ਰੋਕਿਆ ਜਦੋਂ ਤਾਈਂ ਏਹ ਗੱਲ ਦਾਰਾ ਤਾਈਂ ਨਾ ਅੱਪੜੀ ਤੇ ਫੇਰ ਉਹ ਦੇ ਵਿਖੇ ਚਿੱਠੀ ਦੇ ਰਾਹੀਂ ਉੱਤਰ ਨਾ ਆਇਆ (5:4, 5)।

ਅਧਿਆਇ ਵਿਚ ਅੱਗੇ ਯਹੂਦੀਆਂ ਦੇ ਵਿਰੋਧੀਆਂ ਵੱਲੋਂ ਘੱਲੀ ਗਈ ਰਿਪੋਰਟ ਜਿਸ ਵਿਚ

ਉਨ੍ਹਾਂ ਦੇ ਸਵਾਲਾਂ ਦਾ ਯਹੂਦੀਆਂ ਦਾ ਜਵਾਬ ਹੈ (5:6–17)। ਇਸ ਵਾਰ ਯਹੂਦੀਆਂ ਨੇ ਕੰਮ ਕਰਦੇ ਰਹਿਣ ਦਾ ਤਹੱਈਆ ਕੀਤਾ ਹੋਇਆ ਸੀ। ਉਹ ਅਧਿਕਾਰੀਆਂ ਨਾਲ ਆਪਣੇ ਵਿਹਾਰ ਵਿਚ ਸਿਆਣੇ ਸਨ। ਉਨ੍ਹਾਂ ਨੇ ਬਗ਼ਾਵਤ ਨਹੀਂ ਕੀਤੀ, ਪਰ ਹਲੀਮੀ ਨਾਲ ਜਵਾਬ ਦਿੱਤਾ ਅਤੇ ਕੋਈ ਨਰਾਜ਼ਗੀ ਨਹੀਂ ਵਿਖਾਈ। ਉਹ ਕਾਗਜ਼ਾਂ ਦੇ ਅਧਾਰ ਤੇ ਕੰਮ ਕਰਨਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਨੇ ਕੁਝ ਲੁਕਾਇਆ ਨਹੀਂ ਸੀ। ਹੈਕਲ ਨੂੰ ਬਣਾਉਣ ਦਾ ਨਿਰਦੇਸ਼ ਉਨ੍ਹਾਂ ਨੂੰ ਨਾ ਸਿਰਫ਼ ਜਗਤ ਦੇ ਪ੍ਰਭੂ ਵੱਲੋਂ ਮਿਲਿਆ ਸੀ ਬਲਕਿ ਉਨ੍ਹਾਂ ਨੂੰ ਇਸ ਕੰਮ ਨੂੰ ਕਰਨ ਲਈ ਫ਼ਾਰਸੀ ਹਕੂਮਤ ਦੇ ਹਾਕਮ ਵੱਲੋਂ ਵੀ ਇਖ਼ਤਿਆਰ ਮਿਲਿਆ ਹੋਇਆ ਸੀ। ਉਨ੍ਹਾਂ ਨੇ ਇਸ ਘਟਨਾ ਨੂੰ ਆਪਣੇ ਕੰਮ ਵਿਚ ਅੜਿੱਕਾ ਨਹੀਂ ਬਣਨ ਦਿੱਤਾ। ਮਾਮਲੇ ਦੀ ਪੜਤਾਲ ਭਾਵੇਂ ਚੱਲ ਰਹੀ ਸੀ ਪਰ ਉਨ੍ਹਾਂ ਨੇ ਕੰਮ ਬੰਦ ਨਹੀਂ ਕੀਤਾ।

ਕੰਮ ਅਤੇ ਸਮਝ: ਕਿਸੇ ਕਲੀਸੀਆ ਜਾਂ ਕਲੀਸੀਆ ਦੇ ਆਗੂ ਲਈ ਕਿਸੇ ਕੰਮ ਵਿਚ ਲੱਗੇ ਹੋਣ ਲਈ ਇਸ ਨਾਲੋਂ ਬੇਹਤਰ ਦੀ ਕਲਪਨਾ ਕਰਨਾ ਮੁਸ਼ਕਿਲ ਹੋਵੇਗਾ। ਸਾਨੂੰ ਚਾਹੀਦਾ ਹੈ ਕਿ ਸਮਝਦਾਰੀ ਨਾਲ ਆਪਣਾ ਕੰਮ ਕਰਦੇ ਰਹੀਏ, ਜਿੱਥੋਂ ਤਕ ਹੋ ਸਕੇ ਇਸ ਨੂੰ ਪਰਾ ਕਰੀਏ। ਕਲੀਸੀਆ ਨੂੰ ਬਣਾਉਣ ਦੀ ਪ੍ਰਕਿਰਿਆ ਵਿਚ ਸਾਨੂੰ ਚਾਹੀਦਾ ਹੈ ਕਿ ਅਸੀਂ ਦੋਸਤ ਬਣਾਈਏ, ਦੁਸ਼ਮਣ ਨਹੀਂ। ਉਦਾਹਰਣ ਲਈ ਸਾਨੂੰ ਕਾਨੂੰਨੀ ਸ਼ਰਤਾਂ ਨੂੰ ਜਿੱਥੋਂ ਤਕ ਹੋ ਸਕੇ ਸਮਝਦਾਰੀ ਨਾਲ ਭਾਵ ਹਲੀਮੀ, ਖੁੱਲ੍ਹਦਿਲੀ ਅਤੇ ਬਿਨਾਂ ਕਿਸੇ ਬੇਲੋੜੇ ਝਗੜੇ ਦੇ, ਪੂਰਾ ਕਰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ, ਸਮਝਦਾਰੀ ਨਾਲ ਕੰਮ ਕਰਦੇ ਹੋਏ, ਇਹ ਵੀ ਜ਼ਰੂਰੀ ਹੈ ਕਿ ਅਸੀਂ ਕੰਮ ਕਰਨਾ ਨਾ ਭੁੱਲੀਏ। ਸਾਨੂੰ ਹਮੇਸ਼ਾ ਪਿਤਾ ਦੇ ਕੰਮ ਨੂੰ ਕਰਦਿਆਂ ਰਹਿਣਾ ਜ਼ਰੂਰੀ ਹੈ (ਵੇਖੋ ਲੂਕਾ 2:49; KJV)। ਅਸੀਂ ਰੂਹਾਂ ਨੂੰ ਬਚਾਉਣ ਅਤੇ ਕਲੀਸੀਆ ਨੂੰ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਕਿਸੇ ਨੂੰ ਰੁਕਾਵਟ ਨਾ ਬਣਨ ਦਈਏ।

*ਖ਼ੁਦਾ ਆਪਣੇ ਲੋਕਾਂ ਦੇ ਨਾਲ ਸੀ।* ਬਿਨਾਂ ਖ਼ੁਦਾ ਦੇ, ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਪੁਰਾਣੇ ਨੇਮ ਤੋਂ ਇਹ ਵੱਡਾ ਸਬਕ ਮਿਲਦਾ ਹੈ। ਇਸ ਵਿਰਤਾਂਤ ਵਿਚ ਇਹ ਸਾਫ਼ ਹੈ ਕਿ ਯਹੂਦੀਆਂ ਦੀ ਮੁਸ਼ਕਿਲ ਵਿਚ ਖ਼ੁਦਾ ਦਾ ਯੋਗਦਾਨ ਹੈ ਸੀ। ਲੇਖਕ ਨੇ ਲਿਖਿਆ, ''ਪਰਮੇਸ਼ੁਰ ਦੀ ਨਿਗਾਹ ਯਹੂਦੀ ਬਜ਼ੁਰਗਾਂ ਉੱਤੇ ਸੀ ਅਤੇ ਉਨ੍ਹਾਂ ਨੇ ਓਨ੍ਹਾਂ ਨੂੰ ਨਾ ਰੋਕਿਆ'' (5:5)। ਕੀ ਹੋਇਆ? ਸਰਕਾਰੀ ਅਧਿਕਾਰੀਆਂ ਨੇ ਯਹੂਦੀਆਂ ਨੂੰ ਹੈਕਲ ਨੂੰ ਬਣਾਉਣ ਤੋਂ ਨਾ ਰੋਕਿਆ ਬਲਕਿ ਬਾਦਸ਼ਾਹ ਨੂੰ ਚਿੱਠੀ ਘੱਲ ਦਿੱਤੀ (5:6–17), ਜਿਸ ਨੇ ਅਖ਼ੀਰ ਵਿਚ ਇਹ ਪਤਾ ਲਾਇਆ ਕਿ ਯਹੂਦੀਆਂ ਨੂੰ ਅਸਲ ਵਿਚ ਹੈਕਲ ਨੂੰ ਬਣਾਉਣ ਦਾ ਇਖ਼ਤਿਆਰ ਦਿੱਤਾ ਗਿਆ ਸੀ। ਫਿਰ ਉਸ ਨੇ ਸੂਬੇ ਦੇ ਅਧਿਕਾਰੀਆਂ ਨੂੰ ਯਹੂਦੀਆਂ ਨੂੰ ਕੰਮ ਨੂੰ ਪੂਰਾ ਕਰਨ ਦੀ ਇਜਾਜ਼ਤ ਦੇਣ ਲਈ ਸੁਨੇਹਾ ਘੱਲਿਆ; ਉਸ ਨੇ ਇਹ ਵੀ ਆਖਿਆ ਕਿ ਉਸਾਰੀ ਦਾ ਖਰਚਾ ਸਰਕਾਰੀ ਖਜ਼ਾਨੇ ਵਿੱਚੋਂ ਦਿੱਤਾ ਜਾਵੇਗਾ। ਇਸ ਤਰ੍ਹਾਂ ਅਧਿਆਇ 6 ਸਾਨੂੰ ਦੱਸਦਾ ਹੈ ਕਿ ਇਸ ਤਰ੍ਹਾਂ ਨਾਲ ਹੈਕਲ ਨੂੰ ਬਨਾਉਣ ਦਾ ਕੰਮ ਪੂਰਾ ਹੋਇਆ।

ਕੰਮ ਦੀ ਸਫ਼ਲਤਾ ਨਾਲ ਪੂਰਾ ਹੋਣ ਲਈ ਕੌਣ ਜ਼ਿੰਮੇਵਾਰ ਸੀ? ਇਕ ਅਰਥ ਵਿਚ ਲੋਕ ਜ਼ਿੰਮੇਵਾਰ ਸਨ। ਯਹੂਦੀ, ਲੋਕ ਜ਼ਕਰਯਾਹ ਨਾਮਕ ਦੋ ਨਹੀਂ, ਯਹੂਦੀਆਂ ਦੇ ਆਗੂ ਅਤੇ ਇੱਥੋਂ ਤਕ ਕਿ ਯਹੂਦੀਆਂ ਦੇ ਰਾਜਾ ਵੀ ਜ਼ਿੰਮੇਵਾਰ ਸਨ। ਇਕ ਅਰਥ ਵਿਚ ਖ਼ੁਦਾ ਜ਼ਿੰਮੇਵਾਰ ਸੀ ਕਿਉਂ ਜੋ ਇਸ ਸਭ ਦੇ ਪਿੱਛੇ ਉਹੀ ਸੀ। ਸਾਨੂੰ ਇਨ੍ਹਾਂ ਗੱਲਾਂ ਨੂੰ ਭਾਵ ਲੋਕਾਂ ਦੇ ਯੋਗਦਾਨ ਅਤੇ ਖ਼ੁਦਾ ਦੇ ਯੋਗਦਾਨ ਨੂੰ ਕਿਵੇਂ ਵਿਖਾਉਣਾ ਚਾਹੀਦਾ ਹੈ? ਜਦ ਅਸੀਂ ਉਹ ਕਰਦੇ ਹਾਂ ਜੋ ਖ਼ੁਦਾ ਨੇ ਸਾਨੂੰ ਕਰਨ ਲਈ ਆਖਿਆ ਹੈ, ਜਦ ਅਸੀਂ ਉਨ੍ਹਾਂ ਚੀਜ਼ਾਂ ਨੂੰ ਪਹਿਲ ਦਿੰਦੇ ਹਾਂ ਜਿਨ੍ਹਾਂ ਨੂੰ ਪਹਿਲ ਦੇਣੀ ਜ਼ਰੂਰੀ ਹੈ, ਖ਼ੁਦਾ ਦੇ ਹੁਕਮ ਮੰਨਦੇ ਹਾਂ ਅਤੇ ਲਗਨ ਅਤੇ ਕੰਮ ਨਾਲ ਉਸ ਦੇ ਹੁਕਮ ਨੂੰ ਸ਼ੁਰੂ ਕਰ ਦਿੰਦੇ ਹਾਂ ਤਾਂ ਅਸੀਂ ਖ਼ੁਦਾ ਨੂੰ ਸਾਡੇ ਰਾਹੀਂ ਉਸ ਦੀ ਇੱਛਾ ਨੂੰ ਪੂਰਾ ਕਰਦੇ ਹਾਂ।

*ਸਾਰ।* ਸਾਡਾ ਕੰਮ ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨਾ ਹੈ, ਅਤੇ ਫਿਰ ਖ਼ੁਦਾ ਨੂੰ ਕੰਮ ਕਰਨ ਦੇਣਾ ਹੈ ਕਿ ਉਹ ਦੂਜਿਆਂ ਨੂੰ ਬਰਕਤ ਦੇਣ ਅਤੇ ਕਲੀਸਿਆ ਨੂੰ ਬਣਾਉਣ ਲਈ ਆਪਣੇ ਰਾਜ ਵਿਚ ਸਾਨੂੰ

ਅਤੇ ਸਾਡੀਆਂ ਕੋਸ਼ਿਸ਼ਾਂ ਨੂੰ ਕਿਵੇਂ ਵਰਤਦਾ ਹੈ।

**ਖ਼ੁਦਾ ਦੀ ਨਜ਼ਰ** (5:5)

ਅਜ਼ਰਾ 5:5 ਦੇ ਮੁਤਾਬਕ ਫ਼ਾਰਸੀ ਅਧਿਕਾਰੀਆਂ ਵੱਲੋਂ ਹੈਕਲ ਨੂੰ ਬਣਾਉਣ ਦੇ ਯਹੂਦੀਆਂ ਦੇ ਇਖ਼ਤਿਆਰ ਨੂੰ ਚੁਣੌਤੀ ਦਿੱਤੇ ਜਾਣ ਉੱਤੇ, ਸਰਕਾਰੀ ਅਧਿਕਾਰੀਆਂ ਨੇ ਦਾਰਾ ਬਾਦਸ਼ਾਹ ਤੋਂ ਹੋਰ ਜਾਣਕਾਰੀ ਲੈਣ ਦੀ ਉਡੀਕ ਕਰਨ ਤਕ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਤੋਂ ਨਹੀਂ ਰੋਕਿਆ ਕਿਉਂ ਜੋ ''ਪਰਮੇਸ਼ੁਰ ਦੀ ਨਿਗਾਹ ਯਹੂਦੀ ਬਜ਼ੁਰਗਾਂ ਉੱਤੇ ਸੀ।''

''ਪਰਮੇਸ਼ੁਰ ਦੀ ਨਿਗਾਹ'' ਆਪਣੇ ਲੋਕਾਂ ਉੱਤੇ ਨਜ਼ਰ ਰੱਖਣ ਦੀ ਇਕ ਖ਼ੂਬਸੂਰਤ ਗੱਲ ਕਹਿਣ ਦਾ ਇਕ ਤਰੀਕਾ ਹੈ। ਜਿਵੇਂ ਕਿ ਟੀਕਾਕਾਰਾਂ ਨੇ ਦੱਸਿਆ ਹੈ ਕਿ ਇਹ ਫ਼ਾਰਸੀ ਬਾਦਸ਼ਾਹ ਲਈ ਜਸੂਸੀ ਕਰਨ ਵਾਲਿਆਂ, ਉਸ ਦੀ ਹਕੂਮਤ ਵਿਚ ਫੈਲੇ ਲੋਕਾਂ ਅਤੇ ਉਸ ਦੀ ''ਅੱਖ'' ਅਤੇ ''ਕੰਨ'' ਵਜੋਂ ਜਾਣੇ ਜਾਣ ਵਾਲੇ ਲੋਕਾਂ ਨਾਲੋਂ ਫ਼ਰਕ ਹੋਵੇਗਾ। ਖ਼ੁਦਾ ਦੀ ''ਨਜ਼ਰ'' ਫ਼ਾਰਸੀ ਰਾਜੇ ਦੀਆਂ ''ਨਜ਼ਰਾਂ'' ਨਾਲੋਂ ਵੱਧ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਸੀ।

---

ਟਿੱਪਣੀਆਂ

[1]ਐਡਵਿਨ ਐੱਮ. ਯਾਮੋਚੀ, ''ਅਜ਼ਰਾ ਐਂਡ ਨਹਮਯਾਹ'' *ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਉਂਡਸ ਕਮੈਂਟਰੀ,* ਅੰਕ. 3, *1 ਐਂਡ 2 ਰਾਜਿਆਂ, 1 ਐਂਡ 2 ਇਤਹਾਸ, ਅਜ਼ਰਾ, ਨਹਮਯਾਹ, ਅਸਤਰ*, ਸੰਪਾ. ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2009), 409. [2]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 635 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।''[3]ਫ੍ਰੈਡਰਿਕ ਕਾਰਲਸਨ ਹੋਮਗ੍ਰੇਨ, *ਇਜ਼ਰਾਏਲ ਅਲਾਈਵ ਅਗੇਨ: ਏ ਕਮੈਂਟਰੀ ਆਨ ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਇੰਟਰਨੈਸ਼ਨਲ ਥਿਓਲੋਜੀਕਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1987), 37. [4]ਬਾਈਬਲ ਤੋਂ ਬਾਹਰ ਲਗਭਗ 502 ਈ.ਪੂ. ਦੇ ਨੇੜੇ ਤੇੜੇ ਦੇ ਕਿਲਾਖਾਰ (ਪਰਸ਼ੀਆ ਅਤੇ ਅਸੀਰੀਆ ਦੇ ਪੁਰਾਤਨ ਸ਼ਿਲਾਲੇਖਾਂ ਦੀ ਫੰਨੀ ਲਿਪੀ) ਦੇ ਇਕ ਦਸਤਾਵੇਜ਼ ਵਿਚ ਤਤਨਈ ਨੂੰ ਫਰਾਤ ਤੋਂ ਪਾਰ ਦਾ ''ਹਾਕਮ'' ਦੱਸਿਆ ਗਿਆ ਹੈ। (ਏ. ਟੀ. ਓਮਸਟੇਡ, ''ਤਤਨਈ, 'ਦਰਿਆਉਂ ਪਾਰ' ਦਾ ਗਵਰਨਰ,'' *ਜਰਨਲ ਆਫ਼ ਨੀਅਰ ਈਸਟਰਨ ਸਟੱਡੀਜ਼* 3 [1944]: 46.) [5]ਅਰਾਮੀ ਸ਼ਬਦ ***bayith*** (*ਬਾਇਥ*) ਜਿਸ ਦਾ ਅਨੁਵਾਦ ਆਇਤਾਂ 9, 11 ਅਤੇ 12 ਵਿਚ ਵੀ ''ਭਵਨ'' ਹੋਇਆ ਹੈ, ਦਾ ਮੂਲ ਅਰਥ ''ਘਰ'' ਹੈ। [6]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 62. [7]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 86. [8]ਅਜਿਹਾ ਸਵਾਲ ਇਕ ਛੋਟੇ ਤਰੀਕੇ ਨਾਲ ਕਿਸੇ ਆਧੁਨਿਕ ਸ਼ਹਿਰ ਦੇ ਕਾਰਪੋਰੇਸ਼ਨ ਦੇ ਅਧਿਕਾਰੀ ਵੱਲੋਂ ਇਮਾਰਤ ਬਣਾਉਣ ਦੀ ਇਜਾਜ਼ਤ ਦੇਣ ਲਈ ਨਕਸ਼ਾ ਵਿਖਾਉਣ ਵਰਗਾ ਹੋਵੇਗਾ। [9]ਮਾਰਕ ਏ. ਥ੍ਰੌਂਟਵੇਟ, *ਅਜ਼ਰਾ–ਨਹਮਯਾਹ*, ਇੰਟਪ੍ਰਿਟੇਸ਼ਨ (ਲੁਈਸਵਿੱਲ: ਜੌਨ ਨੌਕਸ ਪ੍ਰੈੱਸ, 1992), 33. [10]*ਦ ਨਿਊ ਬਾਈਬਲ ਕਮੈਂਟਰੀ: ਰਿਵਾਈਜ਼ਡ*, ਸੰਪਾ. ਡੀ. ਗੁਥਰੀ ਐਂਡ ਜੇ. ਏ. ਮੋਟਾਇਰ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ: ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1970), 401 ਵਿਚ ਏ. ਈ. ਕੁੰਡਲ, ''ਅਜ਼ਰਾ ਐਂਡ ਨਹਮਯਾਹ।''

[11]ਥ੍ਰੌਂਟਵੇਟ, 33. [12]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ

ਕਮੈਂਟਰੀ, ਅੰਕ. 16 (ਵਾਕੋ, ਟੈਕਸਸ: ਵਰਡ ਬੁਕਸ, 1985), 78. [13]ਪਾਠਕ ਨੂੰ ਪਤਾ ਹੈ ਕਿ ਪੁਰਾਲੇਖਾਂ ਦੀ ਪਹਿਲੀ ਪੜਤਾਲ ਯਹੂਦੀਆਂ ਲਈ ਬੜੀ ਪੁੱਠੀ ਪਈ, ਜਿਸ ਨਾਲ ਇਹ ਸਾਬਿਤ ਹੋਇਆ ਸੀ ਕਿ ਉਹ ਬਾਗ਼ੀ ਲੋਕ ਹਨ (4:15–23)। [14]ਇਹ ਪੈਰ੍ਹਾ ਇਸਰਾਏਲ ਦੀ ਬਰਾਦਰੀ ਅਤੇ ਪ੍ਰਭੂ ਦੀ ਕਲੀਸੀਆ ਦੇ ਵਿਚਕਾਰ ਜੋ ਕਿ ਖ਼ੁਦਾ ਦਾ ਰੂਹਾਨੀ ਇਸਰਾਏਲ ਹੈ (1 ਪਤਰਸ 2:9, 10) ਅਤੇ ਪੁਰਾਣੇ ਨੇਮ ਦੇ ਨਬੀਆਂ ਜਿਹੜੇ ਉਸ ਸਮੇਂ ਖ਼ੁਦਾ ਦੇ ਬੁਲਾਰੇ ਸਨ ਅਤੇ ਪ੍ਰਚਾਰਕਾਂ ਵਿਚਕਾਰ ਜਿਹੜੇ ਅੱਜ ਖ਼ੁਦਾ ਦੇ ਬੁਲਾਰਿਆਂ ਦੇ ਰੂਪ ਵਿਚ ਕੰਮ ਕਰਦੇ ਹਨ, ਸਮਾਨਤਾ ਤੇ ਅਧਾਰਿਤ ਹੈ। [15]ਹੋਰਨਾਂ ਸੰਸਕਰਣਾਂ ਵਿਚ LXX ਦੀ ਨਕਲ ਕੀਤੀ ਗਈ ਹੈ ਅਤੇ 5:4 ਵਿਚ ਫ਼ਰਕ ਲਿਖਿਆ ਗਿਆ ਹੈ। ਉਦਾਹਰਣ ਲਈ REB ਵਿਚ ਹੈ ''*ਉਨ੍ਹਾਂ ਨੇ* ਭਵਨ ਬਣਾਉਣ ਵਿਚ ਲੱਗੇ ਲੋਕਾਂ ਦੇ ਨਾਂਅ *ਵੀ ਮੰਗੇ*'' (ਜ਼ੋਰ ਦਿੱਤਾ ਗਿਆ ਹੈ)।